ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਹਿਰਾ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 11 No: 248 Website : www.punjabiakhbaar.ca Email: editor@punjabiakhbaar.ca Friday, 19 July 2024

## ਟਰੰਪ ਦੇ ਸਮਰਥਨ 'ਚ ਆਇਆ ਮਸਕ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਰਬਪਤੀ ਈਲੌਨ ਮਸਕ ਨੇ ਡੌਨਲਡ ਟਰੰਪ ਨੂੰ ਰਾਸ਼ਟਰਪਤੀ ਚੋਣਾਂ ਲਈ ਉਮੀਦਵਾਰ ਚੁਣਨ ਲਈ ਕੰਮ ਕਰ ਰਹੀ ਇੱਕ ਸੁਪਰ-ਰਾਜਨੀਤਿਕ ਐਕਸ਼ਨ ਕਮੇਟੀ ਨੂੰ ਦਾਨ ਦਿੱਤਾ ਹੈ। ਇਹ ਅਮਰੀਕੀ ਸਿਆਸਤ 'ਤੇ ਆਪਣੀ ਛਾਪ ਛੱਡਣ ਲਈ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਦੁਆਰਾ ਇੱਕ ਵੱਡਾ ਕਦਮ ਹੈ।ਇਸ ਮਾਮਲੇ ਤੋਂ ਜਾਣੂ ਲੋਕਾਂ ਅਨੁਸਾਰ ਮਸਕ ਨੇ ਅਮਰੀਕਾ PAC ਨਾਮਕ ਇੱਕ ਘੱਟ-ਪ੍ਰੋਫ਼ਾਈਲ ਸਮੂਹ ਨੂੰ ਦਾਨ ਕੀਤਾ ਹੈ ਜਿਨ੍ਹਾਂ ਨੇ ਉਨ੍ਹਾਂ ਦੀਆਂ ਯੋਜਨਾਵਾਂ ਬਾਰੇ ਵਿਸਤ੍ਰਿਤ ਕਰਨ ਲਈ ਨਾਮ ਗੁਪਤ ਰੱਖਣ ਦੀ ਬੇਨਤੀ ਕੀਤੀ ਸੀ। ਇਹ ਸਪੱਸ਼ਟ ਨਹੀਂ ਕਿ ਮਸਕ ਨੇ ਕਿੰਨੀ ਰਕਮ ਦਿੱਤੀ ਹੈ, ਪਰ ਲੋਕਾਂ ਨੇ ਇਸ ਰਕਮ ਨੂੰ ਬਹੁਤ ਵੱਡੀ ਰਕਮ ਦੱਸਿਆ ਹੈ। PAC ਨੂੰ ਅਗਲੀ ਵਾਰ 15 ਜੁਲਾਈ ਨੂੰ ਆਪਣੇ ਦਾਨੀਆਂ ਦੀ ਸੂਚੀ ਦਾ ਖ਼ੁਲਾਸਾ ਕਰਨਾ ਹੋਵੇਗਾ।




## ਕੀ ਉਪ ਪ੍ਰਧਾਨ ਮੰਤਰੀ ਅਤੇ ਪ੍ਰਧਾਨ ਮੰਤਰੀ ਦਫ਼ਤਰ ਵਿੱਚਕਾਰ ਸੰਬੰਧ ਤਨਾਅ ਵਾਲੇ ਹੋ ਗਏ ਹਨ ?

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਉਨ੍ਹਾਂ ਨੂੰ ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰੀਸਟੀਆ ਫਰੀਲੈਂਡ 'ਤੇ ਪੂਰਾ ਭਰੋਸਾ ਹੈ, ਪਰ ਉਹ ਫੈਡਰਲ ਰਾਜਨੀਤੀ ਵਿੱਚ ਪ੍ਰਵੇਸ਼ ਕਰਨ ਬਾਰੇ ਮਾਰਕ ਕਾਰਨੀ ਨਾਲ ਵੀ ਗੱਲ ਕਰ ਰਹੇ ਹਨ। ਕੈਬਨਿਟ ਵਿੱਚ ਫਰੀਲੈਂਡ ਦੀ ਭੂਮਿਕਾ ਉੱਤੇ ਵਿੱਚਾਰ ਕੀਤੇ ਜਾਣ ਦੀਆਂ ਖਬਰਾਂ ਵਿੱਚਕਾਰ ਟਰੂਡੋ ਨੇ ਕਿਹਾ ਕਿ ਫਰੀਲੈਂਡ ਕੈਨੇਡਾ ਲਈ ਅਸਲ ਵਿੱਚ ਵੱਡੇ ਕੰਮ ਕਰਨ ਵਿੱਚ ਇੱਕ ਕਰੀਬੀ ਦੋਸਤ, ਸਹਿਯੋਗੀ ਅਤੇ ਭਾਗੀਦਾਰ ਰਹੇ ਹਨ ਅਤੇ ਅੱਗੇ ਵੀ ਰਹਿਣਗੇ। ਉਨ੍ਹਾਂ ਨੇ ਕਿਹਾ ਕਿ ਮੈਨੂੰ ਉਨ੍ਹਾਂ ਯੋਗਤਾਵਾਂ ਅਤੇ ਸਾਡੇ ਵੱਲੋਂ ਮਿਲਕੇ ਕੀਤੇ ਜਾਣ ਵਾਲੇ ਕੰਮ 'ਤੇ ਪੂਰਾ ਭਰੋਸਾ ਹੈ। ਵਰਨਣਯੋਗ ਹੈ ਮੀਡੀਆ ਵਿੱਚ ਕੁੱਝ ਅਣਪਛਾਤੇ ਸੂਤਰਾਂ ਦੇ ਹਵਾਲੇ ਨਾਲ ਖ਼ਬਰਾਂ ਆਈਆਂ ਸਨ ਕਿ ਟਰੂਡੋ ਦੇ ਦਫ਼ਤਰ ਦੇ ਸੀਨੀਅਰ, ਫਰੀਲੈਂਡ ਦੀ ਪਰਫਾਰਮੈਂਸ ਨੂੰ ਲੈ ਕੇ ਚਿੰਤਤ ਹਨ। ਇਹ ਵੀ ਕਿਹਾ ਗਿਆ ਕਿ ਉਪ ਪ੍ਰਧਾਨ ਮੰਤਰੀ ਅਤੇ ਪ੍ਰਧਾਨ ਮੰਤਰੀ ਦਫ਼ਤਰ ਵਿੱਚਕਾਰ ਸੰਬੰਧ ਤਨਾਅ ਵਾਲੇ ਹੋ ਗਏ ਹਨ। ਇਹ ਵੀ ਚਰਚਾ ਹੈ ਕਿ ਵਿੱਤ ਵਿਭਾਗ ਵਿੱਚ ਫਰੀਲੈਂਡ ਦੇ ਸਥਾਨ 'ਤੇ ਮਾਰਕ ਕਾਰਨੀ ਨੂੰ ਲਿਆਉਣ ਦੀ ਕੋਸ਼ਿਸ਼ ਹੈ।



## ਸੜਕ ਹਾਦਸਿਆਂ ਵਿੱਚ ਹੋਈਆਂ 16 ਮੌਤਾਂ ਵਿੱਚੋਂ ਬਹੁਤੇ ਪੰਜਾਬੀ ਹਨ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਬੀਤੇ ਦਿਨੀ ਵੱਖ ਵੱਖ ਥਾਵਾਂ 'ਤੇ ਵਾਪਰੇ ਸੜਕ ਹਾਦਸਿਆਂ ਵਿੱਚ 6 ਪੰਜਾਬੀਆਂ ਸਣੇ 16 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲੇ ਪੰਜਾਬੀਆਂ ਵਿੱਚੋਂ ਇੱਕੋ ਪਰਿਵਾਰ ਦੇ ਚਾਰ ਜਣੇ ਸ਼ਾਮਲ ਹਨ ਜੋ ਘਟਨਾ ਵੇਲੇ ਕਾਰ 'ਚ ਸਵਾਰ ਸਨ। ਇਹ ਹਾਦਸਾ ?ਕਨਾਗਨ ਖੇਤਰ ਦੇ ਸ਼ਹਿਰ ਕੈਰੇਮੌਸ ਨੇੜੇ ਹਾਈਵੇਅ ਨੰਬਰ ਤਿੰਨ 'ਤੇ ਹੋਇਆ ਜਿੱਥੇ ਟਰੱਕ ਨੇ ਸਾਹਮਣਿਉਂ ਆਉਂਦੀਆਂ ਦੋ ਕਾਰਾਂ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਟਰੱਕ ਡਰਾਈਵਰ ਅਤੇ ਪਿੱਛੇ ਵਾਲੀ ਕਾਰ ਦੀ ਡਰਾਈਵਰ ਔਰਤ ਜ਼ਖਮੀ ਹੋ ਗਏ ਪਰ ਮੂਹਰਲੀ ਕਾਰ ਵਿੱਚ ਬੈਠੇ ਪੰਜਾਬੀ ਪਰਿਵਾਰ ਦੇ ਚਾਰੇ ਜੀਅ ਮਾਰੇ ਗਏ। ਉਹ ਐਬਸਟਫੋਰਡ ਦੇ ਰਹਿਣ ਵਾਲੇ ਸਨ, ਜਿਨ੍ਹਾਂ ਦੀ ਪਛਾਣ ਸੁਖਵੰਤ ਸਿੰਘ ਬਰਾੜ, ਉਸ ਦੀ ਪਤਨੀ ਰਾਜਿੰਦਰ ਕੌਰ, ਉਸ ਦੀ ਬੇਟੀ ਕਮਲ ਕੌਰ ਤੇ ਥੋੜ੍ਹੇ ਦਿਨ ਪਹਿਲਾਂ ਪੰਜਾਬ ਤੋਂ ਆਈ ਉਸ ਦੀ ਸਾਲੀ ਸ਼ਿੰਦਰ ਕੌਰ ਵੱਜੋਂ ਕੀਤੀ ਗਈ ਹੈ। ਪਰਿਵਾਰ ਦਾ ਪਿਛੋਕੜ ਪੰਜਾਬ ਦੇ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਰੋੜੀ ਕਪੂਰਾ ਨਾਲ ਸਬੰਧਤ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਬੀਤੇ ਹਾਈਵੇਅ 99 'ਤੇ ਵਾਪਰੇ ਹਾਦਸੇ ਵਿੱਚ ਕਾਰ ਸੜਕ ਦੀ ਬੰਨ੍ਹੀ ਨਾਲ ਟਕਰਾਉਣ ਤੋਂ ਬਾਅਦ ਉਸ 'ਚ ਬੈਠੀ 20 ਸਾਲਾ ਲੜਕੀ ਦੀ ਬਾਹਰ ਡਿੱਗਣ ਕਰਕੇ ਮੌਤ ਹੋ ਗਈ ਤੇ ਨਾਲ ਬੈਠੇ ਦੋ ਨੌਜੁਆਨ ਗੰਭੀਰ ਜ਼ਖਮੀ ਹੋ ਗਏ। ਇਸ ਤੋਂ ਇਲਾਵਾ ਲੌਹੀਡ ਹਾਈਵੇਅ 'ਤੇ ਅਗਾਸਿਸ ਕਸਬੇ ਕੋਲ ਟਰਾਲੇ ਨਾਲ ਕਾਰ ਦੀ ਟੱਕਰ ਵਿੱਚ ਤਿੰਨ ਜਣੇ ਹਲਾਕ ਹੋ ਗਏ। ਟਰਾਂਸ ਕੈਨੇਡਾ ਹਾਈਵੇਅ 'ਤੇ ਕੈਮਲੂਪਸ ਤੋਂ 76 ਕਿਲੋਮੀਟਰ ਦੀ ਦੂਰੀ 'ਤੇ ਵਾਪਰੇ ਹਾਦਸੇ ਵਿੱਚ ਦੋ ਲੋਕਾਂ ਦੀ ਜਾਨ ਗਈ ਜੋ ਪੰਜਾਬੀ ਦੱਸੇ ਗਏ ਹਨ। ਇੰਜ ਕੁਝ ਹੋਰ ਥਾਵਾਂ 'ਤੇ ਵਾਪਰੇ ਹਾਦਸਿਆਂ ਵਿੱਚ ਸੱਤ ਜਣੇ ਹਲਾਕ ਹੋ ਗਏ।




































# ਚੈਸਟਰਮੀਅਰ ਦੀ ਨਵੀਂ ਚੁਣੀ ਗਈ ਕੌਂਸਲਰ ਕਿਰਨ ਰੰਧਾਵਾ ਨੇ ਵੋਟਰਾਂ ਦਾ ਧੰਨਵਾਦ ਕੀਤਾ









ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਝੀਲਾਂ ਦੇ ਸਹਿਰ ਚੈਸਟਰਮੀਅਰ ਵਿਖੇ ਬੀਤੇ ਦਿਨੀ ਹੋਈ ਜਿਮਨੀ ਚੋਣ ਮੌਕੇ ਨਵੀਂ ਚੁਣੀ ਗਈ ਪੰਜਾਬੀ ਮੂਲ ਦੀ ਕੌਂਸਲਰ ਕਿਰਨ ਰੰਧਾਵਾ ਨੇ ਆਪਣੇ ਹਲਕੇ ਦੇ ਵੋਟਰਾਂ ਸਪੋਟਰਾਂ ਦਾ ਧੰਨਵਾਦ ਕਰਨ ਲਈ ਰਿੱਕ ਸੈਂਟਰ ਵਿਖੇ ਧੰਨਵਾਦੀ ਪਾਰਟੀ ਦਾ ਆਯੋਜਿਨ ਕੀਤਾ। ਇਸ ਮੌਕੇ ਵੱਡੀ ਗਿਣਤੀ ਚੈਸਟਰਮੀਅਰ ਰਹਿੰਦਾ ਪੰਜਾਬੀ ਭਾਈਚਾਰਾ ਪੁਜਿਆ ਹੋਇਆ ਸੀ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਕਿਰਨ ਰੰਧਾਵਾ ਨੇ ਕਿਹਾ ਕਿ ਉਹ ਆਪਣੇ ਹਲਕੇ ਦੇ ਵੋਟਰਾਂ ਦੀ ਜ਼ਿੰਦਗੀ ਭਰ ਰਿਣੀ ਰਹੇਗੀ ਕਿਉਂਕਿ ਉਹਨਾਂ ਦੇ ਵੱਡੀ ਗਿਣਤੀ ਵਿੱਚ ਚੋਣਾਂ ਤੋਂ ਪਹਿਲਾਂ ਦਿੱਤੇ ਹੌਂਸਲੇ ਨੇ ਹੀ ਉਹਨਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਅਤੇ ਫਿਰ ਵੱਡੀ ਗਿਣਤੀ ਵਿੱਚ ਵੋਟਾਂ ਪਾਕੇ ਉਹਨਾਂ ਨੂੰ ਸਿਟੀ ਹਾਲ ਦੀ ਸਨਮਾਨਯੋਗ ਕੁਰਸੀ ਉੱਪਰ ਬਿਠਾਉਣ ਲਈ ਅਹਿਮ ਰੋਲ ਅਦਾ ਕੀਤਾ। ਉਹ ਭਵਿੱਖ ਵਿੱਚ ਬਜੁਰਗਾਂ ਦੀਆਂ ਸਮੱਸਿਆਵਾਂ ਪ੍ਰਤੀ ਪੂਰੀ ਤਨਦੇਹੀ ਨਾਲ ਹੱਲ ਕਰਵਾਉਣ ਦੇ ਯਤਨ ਕਰੇਗੀ ਅਤੇ ਕੈਲਗਰੀ - ਚੈਸਟਰਮੀਅਰ ਬੱਸ ਸੇਵਾ ਸੁਰੂ ਕਰਵਾਉਣ ਲਈ ਉਪਰਾਲੇ ਸੁਰੂ ਕਰ ਦਿੱਤੇ ਗਏ ਹਨ।

## ਦਸਮੇਸ਼ ਕਲਚਰਲ ਸੀਨੀਅਰ ਸਿਟੀਜਨ ਸੋਸਾਇਟੀ ਕੈਲਗਰੀ ਦੀ ਚੋਣ ਸਰਬਸੰਮਤੀ ਨਾਲ ਹੋਈ

### ਵਰਿੰਦਰਜੀਤ ਸਿੰਘ ਭੱਟੀ ਮੁੜ ਪ੍ਰਧਾਨ ਥਾਪੇ ਗਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਗੁਰੂਘਰ ਦਸਮੇਸ ਕਲਚਰਲ ਸੈਂਟਰ ਦੇ ਹੀ ਇੱਕ ਕੋਨੇ ਵਿੱਚ ਸਥਾਪਿਤ ਬਜੁਰਗਾਂ ਲਈ ਬਣਾਈ ਗਈ ਸੰਸਥਾ ਦਸਮੇਸ਼ ਕਲਚਰਲ ਸੀਨੀਅਰ ਸਿਟੀਜਨ ਸੋਸਾਇਟੀ ਕੈਲਗਰੀ ਦੀ ਚੋਣ ਸਰਬਸੰਮਤੀ ਨਾਲ ਹੋਈ। ਇਸ ਚੋਣ ਸਬੰਧੀ ਸਿਲੈਕਸ਼ਨ ਕਮੇਟੀ ਵਿੱਚ ਸੰਤ ਸਿੰਘ ਧਾਲੀਵਾਲ,ਬਲਜੀਤ ਸਿੰਘ ਪੰਧੇਰ, ਗੁਰਦੇਵ ਸਿੰਘ ਗਰਚਾ, ਹਰਜੀਤ ਸਿੰਘ ਹਾਂਸ ਅਤੇ ਰਯਧੀਰ ਸਿੰਘ ਪੰਧੇਰ ਦੇ ਨਾਂ ਸਾਮਿਲ ਸਨ। ਸਿਲੈਕਸ਼ਨ ਕਮੇਟੀ ਵੱਲੋਂ 200 ਦੇ ਕਰੀਬ ਮੈਂਬਰਾਂ ਦੀ ਹਾਜਿਰੀ ਵਿੱਚ ਬਿਨਾਂ ਕਿਸੇ ਵੋਟ ਪਰਚੀ ਪਾਇਆਂ ਅਗਲੇ ਸਾਲਾਂ ਲਈ ਪਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ। ਜਿਸ ਨੂੰ ਹਾਜਰੀਨ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ।ਨਵੀਂ ਐਲਾਨੀ ਗਈ ਪਰਬੰਧਕੀ ਟੀਮ ਦੇ ਪ੍ਰਧਾਨ ਵਰਿੰਦਰਜੀਤ ਸਿੰਘ ਭੱਟੀ ਹੋਣਗੇ ਜਦੋਂ ਕਿ ਵਾਈਸ ਪ੍ਰਧਾਨ ਪਰਗਟ ਸਿੰਘ ਧਾਲੀਵਾਲ ਅਤੇ ਸੈਕਟਰੀ ਸਤਿੰਦਰ ਸਿੰਘ ਮਿੱਠੀ ਹੋਣਗੇ। ਕੈਸ਼ੀਅਰ ਦੀ ਜਿੰਮੇਬਾਰੀ ਨਿਸ਼ਾਨ ਸਿੰਘ ਢਿੱਲੋਂ ਨੂੰ ਸੌਂਪੀ ਗਈ ਹੈ। ਪ੍ਰੀਤਮ ਸਿੰਘ ਕਾਹਲੋਂ, ਬਲਦੇਵ ਸਿੰਘ ਗਿੱਲ,ਨਿਰਮਲ ਸਿੰਘ ਸੰਘਾ, ਇੰਦਰਜੀਤ ਸਿੰਘ ਧਾਲੀਵਾਲ, ਗੁਰਮੀਤ ਸਿੰਘ ਗਰੇਵਾਲ,ਅਤੇ ਹਰਬੰਸ ਸਿੰਘ ਗਰੇਵਾਲ ਡਾਇਰੈਕਟਰ ਦੀਆਂ ਜਿੰਮੇਬਾਰੀਆਂ ਨਿਭਾਉਣਗੇ। ਇਸ ਮੌਕੇ ਗੁਰੂਘਰ ਦਸਮੇਸ ਕਲਚਰਲ ਸੈਂਟਰ ਦੇ ਮੁੱਖ ਸੇਵਾਦਾਰ ਬਲਜਿੰਦਰ ਸਿੰਘ ਗਿੱਲ,ਚੇਅਰਮੈਨ ਗੁਰਜੀਤ ਸਿੰਘ ਸਿੱਧੂ ਅਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਹਾਜਿਰ ਸਨ।

## ਇੰਕਾ ਸੀਨੀਅਰ ਸੋਸਾਇਟੀ ਨੇ ਕੈਲਗਰੀ ਵਿਖੇ ਕਨੇਡਾ ਡੇਅ ਮਨਾਇਆ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ ) ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਦੇ ਹਾਲ ਵਿੱਚ ਕਨੇਡਾ ਡੇ ਮਨਾਉਣ ਲਈ ਇਕੱਤਰਤਾ ਹੋਈ। ਸਭ ਤੋਂ ਪਹਿਲਾਂ ਸੰਸਥਾ ਦੇ ਸਕੱਤਰ ਮੇਜਰ ਸਿੰਘ ਧਾਲੀਵਾਲ ਨੇ ਹਾਜ਼ਰੀਨ ਨੂੰ ਜੀ ਆਇਆ ਕਿਹਾ ਅਤੇ ਕਨੇਡਾ ਡੇਅ ਦੀ ਮੁਬਾਰਕਬਾਦ ਦਿੱਤੀ। ਫਿਰ ਬਿੱਕਰ ਸਿੰਘ ਸੰਧੂ ਨੇ ਕਨੇਡਾ ਦੇ ਇਤਿਹਾਸ ਬਾਰੇ ਆਪਣੇ ਵਿਚਾਰ ਰੱਖੇ। ਉਹਨਾਂ ਕਨੇਡਾ ਵਿੱਚ ਦਰਪੇਸ਼ ਆ ਰਹੀਆਂ ਸਮੱਸਿਆਵਾਂ ਦਾ ਵੀ ਵਰਨਣ ਕੀਤਾ ਅਤੇ ਉਨਾਂ ਦੱਸਿਆ ਕਿ ਸਮੱਸਿਆਵਾਂ ਦੇ ਹੱਲ ਲਈ ਸਰਕਾਰ ਨਾਲ ਜੁਬਾਨੀ ਅਤੇ ਲਿਖਤੀ ਰਾਬਤਾ ਵੀ ਕੀਤਾ ਗਿਆ ਪਰ ਕੋਈ ਵੀ ਅਜੇ ਤੱਕ ਸਰਕਾਰ ਵੱਲੋਂ ਹੁੰਗਾਰਾ ਨਹੀਂ ਮਿਲਿਆ। ਪ੍ਰਿੰਸੀਪਲ ਸੱਤਪਾਲ ਕੌਸ਼ਿਲ ਨੇ ਕਵਿਤਾ ਰਾਹੀਂ ਬਜ਼ੁਰਗਾਂ ਨੂੰ ਖੁਸ਼ ਰੱਖਣ ਦੇ ਤਰੀਕੇ ਦੱਸੇ। ਸਰਬਜੀਤ ਰੰਧਾਵਾ ਨੇ ਵੀ ਆਪਣੇ ਕਵਿਤਾ ਸੁਣਾ ਕੇ ਹਾਜਰੀ ਲਗਵਾਈ। ਇਸ ਪ੍ਰੋਗਰਾਮ ਵਿੱਚ ਰੇਡੀਓ ਹੋਸਟ ਰਿਸ਼ੀ ਨਾਗਰ ਵੀ ਹਾਜ਼ਰ ਸਨ । ਉਹਨਾਂ ਈਸ਼ਰ ਸਿੰਘ ਭਾਈਆ ਦੀ ਵਿਅੰਗਮਈ ਕਵਿਤਾ ਪੇਸ਼ ਕੀਤੀ। ਇਸ ਤੋਂ ਉਪਰੰਤ ਮਾਸਟਰ ਬਚਿੱਤਰ ਸਿੰਘ ਗਿੱਲ ਨੇ ਸਦਾਬਹਾਰ ਕਵੀਸ਼ਰੀ ਜੱਗ ਜੰਕਸ਼ਨ ਰੇਲਾਂ ਦਾ ਬੁਲੰਦ ਆਵਾਜ਼ ਵਿੱਚ ਸੁਣਾਈ, ਜਿਸ ਦਾ ਸਰੋਤਿਆਂ ਨੇ ਖ਼ੂਬ ਆਨੰਦ ਮਾਣਿਆ । ਇਸ ਉਪਰੰਤ ਜਿਨਾਂ ਦੇ ਇਸ ਮਹੀਨੇ ਵਿੱਚ ਜਨਮ ਦਿਨ ਆਉਂਦੇ ਹਨ, ਉਨਾਂ ਬਜ਼ੁਰਗਾਂ ਦੇ ਜਨਮਦਿਨ ਮਨਾਏ ਗਏ। ਉਹਨਾਂ ਨੂੰ ਮੁਬਾਰਕਾਂ ਦਿੱਤੀਆਂ ਗਈਆਂ ।ਚਾਹ ਪਾਣੀ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਇਸ ਪ੍ਰਬੰਧ ਵਿੱਚ ਸੁਰਮਖ ਸਿੰਘ ਕੂਨਰ ਅਤੇ ਕੁਲਵੀਰ ਕਾਲਕਟ ਦਾ ਖਾਸ ਯੋਗਦਾਨ ਰਿਹਾ। ਅਖੀਰ ਵਿੱਚ ਸੰਸਥਾ ਦੇ ਪ੍ਰਧਾਨ ਮੋਤਾ ਸਿੰਘ ਮਿਨਹਾਸ ਨੇ ਸਾਰੇ ਆਏ ਹੋਇਆ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਮੇਜਰ ਸਿੰਘ ਧਾਲੀਵਾਲ ਨੇ ਨਿਭਾਈ।




## ਕੇਸਰ ਸਿੰਘ ਨੀਰ 'ਲਾਈਫ਼ਟਾਈਮ ਐਵਾਰਡ' ਨਾਲ ਸਨਮਾਨਿਤ, ਸੇਖੋਂ ਦੀ ਪੁਸਤਕ ਹੋਈ ਲੋਕ-ਅਰਪਣ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ, ਕੈਲਗਰੀ ਦੀ ਮਾਸਿਕ ਇਕੱਤਰਤਾ 13 ਜੁਲਾਈ ਨੂੰ ਕੋਸੋ ਹਾਲ ਵਿਚ ਡਾ. ਜੋਗਾ ਸਿੰਘ ਸਹੋਤਾ, ਕੇਸਰ ਸਿੰਘ ਨੀਰ, ਸੇਵਾ ਸਿੰਘ ਪ੍ਰੇਮੀ ਅਤੇ ਜਸਵੰਤ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਹੋਈ।ਅੰਗਰੇਜ਼ੀ ਅਤੇ ਪੰਜਾਬੀ ਸਾਹਿਤ ਦੇ ਮਾਹਰ ਸ੍ਰ ਜਗਦੇਵ ਸਿੰਘ ਸਿੱਧੂ ਨੇ ਸਟੇਜ ਸੰਭਾਲਦਿਆਂ, ਅੱਜ ਦੇ ਪ੍ਰੋਗਰਾਮ ਦੀ ਜਾਣਕਾਰੀ ਸਾਂਝੀ ਕਰਦਿਆਂ ਆਏ ਹੋਏ ਸਾਹਿਤਕਾਰਾਂ, ਅਦੀਬਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਆਖਿਆ।ਨਾਲ ਹੀ ਕੈਨੇਡਾ ਦੇ ਮੂਲ ਨਿਵਾਸੀਆਂ ਦੀ ਗੱਲ ਕਰਦਿਆਂ ਹੋਇਆਂ ਆਖਿਆ ਕਿ ਸਾਨੂੰ ਉਨ੍ਹਾਂ ਦਾ ਬਣਦਾ ਪਿਆਰ ਸਤਿਕਾਰ ਦੇਣਾ ਚਾਹੀਦਾ ਹੈ।ਕਿਉਂਕਿ ਉਨ੍ਹਾਂ ਨਾਲ ਕੈਨੇਡੀਅਨ ਸਮਾਜ ਵੱਲੋਂ ਬਹੁਤ ਜ਼ਿਆਤੀਆਂ ਹੋਈਆਂ ਹਨ। ਸਾਨੂੰ ਆਪਣੇ ਕਲਚਰ ਦੇ ਨਾਲ ਨਾਲ ਦੂਜੇ ਕਲਚਰਾਂ ਨੂੰ ਸਮਝਣ ਦੀ ਬਹੁਤ ਜ਼ਰੂਰਤ ਹੈ।

ਪ੍ਰੋਗਰਾਮ ਦੀ ਸ਼ੁਰੂਆਤ ਨਾਮਵਰ ਕਵੀਸ਼ਰ ਸਰੂਪ ਸਿੰਘ ਮੰਡੇਰ ਨੇ ਜਸਵੰਤ ਸਿੰਘ ਸੇਖੋਂ ਬਾਰੇ ਲਿਖੀ ਕਵਿਤਾ ਰਾਹੀਂ ਕੀਤੀ।ਉਪਰੰਤ ਅਰਪਨ ਲਿਖਾਰੀ ਸਭਾ ਦੇ ਮੈਂਬਰਾਂ ਵੱਲੋਂ ਸਭਾ ਦੇ ਮੋਢੀ ਅਤੇ ਉੱਘੇ ਸਾਹਿਤਕਾਰ ਕੇਸਰ ਸਿੰਘ ਨੀਰ ਨੂੰ ਤਾੜੀਆਂ ਦੀ ਗੂੰਜ ਵਿਚ 'ਲਾਈਫ਼ਟਾਈਮ ਅਚੀਵਮੈਂਟ ਐਵਾਰਡ' ਪ੍ਰਦਾਨ ਕਰ ਕੇ ਸਨਮਾਨਿਆ ਗਿਆ। ਮੁੱਖ ਬੁਲਾਰਿਆਂ ਨੇ ਨੀਰ ਨੂੰ ਵਧਾਈ ਦੇਣ ਸਮੇਂ ਉਸ ਦੁਆਰਾ ਸਿੱਖਿਆ, ਲੋਕ-ਲਹਿਰਾਂ ਅਤੇ ਸਾਹਿਤ ਸਿਰਜਣਾ ਦੇ ਖੇਤਰ ਵਿੱਚ ਪਾਏ ਉਲੇਖਯੋਗ ਯੋਗਦਾਨ ਦੀ ਚਰਚਾ ਕੀਤੀ।

ਜਗਦੇਵ ਸਿੰਘ ਨੇ ਕੇਸਰ ਸਿੰਘ ਨੀਰ ਬਾਰੇ ਗੱਲ ਕਰਦਿਆਂ, ਨੀਰ ਦਾ ਅਧਿਆਪਨ ਕਾਰਜ, ਉਸ ਦੀਆਂ ਕਵਿਤਾ, ਗ਼ਜ਼ਲ ਅਤੇ ਬਾਲ ਸਾਹਿਤ ਦੀਆਂ ਪੁਸਤਕਾਂ, ਸਾਹਿਤ ਸਭਾ ਜਗਰਾਉਂ ਦੇ ਮੋਢੀ ਮੈਂਬਰ ਵਜੋਂ ਕੀਤੀ ਅਗਵਾਈ, ਪੰਜਾਬੀ ਕੇਂਦਰੀ ਲੇਖਕ ਸਭਾ ਲਈ ਨਿਭਾਈ ਅਹਿਮ ਭੂਮਿਕਾ, ਪੰਜਾਬ ਦੇ ਭਾਸ਼ਾ ਵਿਭਾਗ ਦੁਆਰਾ ਦਿੱਤਾ 'ਸ਼੍ਰੋਮਣੀ ਸਾਹਿਤਕਾਰ ਪੁਰਸਕਾਰ'(ਪਰਵਾਸੀ), ਬੇਰੁਜ਼ਗਾਰ ਅਧਿਆਪਕਾਂ ਦੇ ਹੱਕਾਂ ਲਈ ਕੀਤੇ ਸੰਘਰਸ਼ ਦੌਰਾਨ ਜੇਲ੍ਹ ਯਾਤਰਾਵਾਂ ਅਤੇ ਕੈਲਗਰੀ ਵਿਖੇ ਸਾਹਿਤ ਸਭਾਵਾਂ ਦੀ ਸਥਾਪਨਾ ਅਤੇ ਵਿਕਾਸ ਲਈ ਪਾਇਆ ਯੋਗਦਾਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਕੇਸਰ ਸਿੰਘ ਨੀਰ ਨੇ ਸਭਾ ਦੇ ਸਮੁੱਚੇ ਮੈਂਬਰਾਂ ਪ੍ਰਤੀ ਨਿਮਰਤਾ ਸਹਿਤ ਆਭਾਰ ਪ੍ਰਗਟ ਕੀਤਾ। ਇਸ ਮਗਰੋਂ ਜਸਵੰਤ ਸਿੰਘ ਸੇਖੋਂ ਦੀ ਪੰਜਵੀਂ ਪੁਸਤਕ 'ਸੇਖੋਂ ਸੂਰਮੇ' ਨੂੰ ਲੋਕ-ਅਰਪਣ ਕਰਨ ਦੀ ਰਸਮ ਅਦਾ ਕੀਤੀ ਗਈ।

ਕੈਲਗਰੀ ਦੇ ਨਾਮਵਰ ਜਰਨਲਿਸਟ, ਰਿਸ਼ੀ ਨਾਗਰ ਨੇ ਕੇਸਰ ਸਿੰਘ ਨੀਰ ਨੂੰ ਵਧਾਈ ਦਿੱਤੀ, ਨਾਲ ਹੀ ਜਸਵੰਤ ਸਿੰਘ ਸੇਖੋਂ ਦੀ ਪੁਸਤਕ 'ਸੇਖੋਂ ਸੂਰਮੇ' ਬਾਰੇ ਵਿਚਾਰ ਰੱਖਦਿਆਂ ਕਿਹਾ ਕਿ ਇਸ ਵਿਲੱਖਣ ਲਿਖਤ ਰਾਹੀਂ ਸੇਖੋਂ ਨੇ ਪੰਜਾਬ ਦੇ ਗੌਰਵਮਈ ਪੁਰਾਤਨ ਵਿਰਸੇ ਨੂੰ ਬੜੀ ਖੋਜ ਕਰਕੇ ਪੁਨਰ ਸੁਰਜੀਤ ਕੀਤਾ ਹੈ। ਉਨ੍ਹਾਂ ਨੇ ਇਸ ਪੁਸਤਕ ਨੂੰ ਇਤਿਹਾਸਕ ਦਸਤਾਵੇਜ਼ ਹੋਣ ਦਾ ਦਰਜਾ ਦਿੱਤਾ। ਸਾਹਿਤ ਅਤੇ ਭਾਸ਼ਾ-ਮਾਹਿਰ ਡਾ.ਸਰਬਜੀਤ ਕੌਰ ਜਵੰਧਾ ਨੇ ਇਸ ਪੁਸਤਕ ਦਾ ਮੁਲਾਂਕਣ ਕਰਦਿਆਂ, ਆਲੋਚਕ ਦ੍ਰਿਸ਼ਟੀ ਤੋਂ ਪਰਖਦਿਆਂ ਕਿਹਾ ਕਿ ਇਸ ਪੁਸਤਕ ਦੇ ਮੁੱਖ ਗੁਣ ਵਿਸ਼ਿਆਂ ਦੀ ਨਵੀਨਤਾ, ਸ਼ਾਇਰੀ, ਲੈਅ, ਛੰਦ-ਵਿਧਾਨ ਅਤੇ ਹਰ ਪੱਖ ਤੋਂ ਨਿਭਾਅ ਦੀ ਪ੍ਰਬੀਨਤਾ ਹੈ। ਅਮਨਪ੍ਰੀਤ ਸਿੰਘ ਦੂੱਲਟ ਨੇ ਪੁਸਤਕ ਬਾਰੇ ਵਿਚਾਰ ਸਾਂਝੇ ਕਰਦਿਆਂ ਆਖਿਆ ਕਿ ਸੇਖੋਂ ਨੇ ਦਿੱਲੀ 'ਚ ਸਿੱਖ ਕਤਲੇਆਮ ਦੀ ਜੋ ਦਾਸਤਾਨ ਪੇਸ਼ ਕੀਤੀ ਹੈ ਇਹ ਇਕ ਖੋਜੀ ਲੇਖਕ ਹੀ ਪੇਸ਼ ਕਰ ਸਕਦਾ ਹੈ। ਜਗਦੇਵ ਸਿੱਧੂ ਨੇ ਇਸ ਨੂੰ ਖੋਜ-ਭਰਪੂਰ, ਸ਼ਾਨਦਾਰ ਵਾਰਤਕ ਅਤੇ ਉੱਤਮ ਸ਼ਾਇਰੀ ਦਾ ਸੁਮੇਲ ਦੱਸਿਆ।

ਸੇਵਾ ਸਿੰਘ ਪ੍ਰੇਮੀ ਗੁਰਮੀਤ ਕੌਰ ਸਰਪਾਲ ਜਸਵੀਰ ਸਿਹੋਤਾ ਡਾ. ਜੋਗਾ ਸਿੰਘ ਸਹੋਤਾ,ਸੁਖਵਿੰਦਰ ਤੂਰ,ਜਸਵਿੰਦਰ ਸਿੰਘ ਰੁਪਾਲ, ਜਗਦੀਸ਼ ਕੌਰ ਸਰੋਆ, ਗੁਰਦੀਸ਼ ਕੌਰ ਗਰੇਵਾਲ, ਸਰਬਜੀਤ ਕੌਰ ਉੱਪਲ ਅਤੇ ਗੁਰਚਰਨ ਕੌਰ ਥਿੰਦ ਹੋਰਾਂ ਨੇ ਮੰਚ ਉਪਰੋਂ ਹਾਜਿਰੀ ਲਗਵਾਈ । ਸਤਨਾਮ ਢਾਅ ਨੇ ਦੋਹਾਂ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਰਪਨ ਲਿਖਾਰੀ ਸਭਾ ਨੇ ਅੱਜ ਪਹਿਲਾ 'ਲਾਈਫ਼ਟਾਈਮ ਅਚੀਵਮੈਂਟ ਐਵਾਰਡ' ਪ੍ਰਦਾਨ ਕਰਕੇ ਅਤੇ ਸਮੇਂ ਸਮੇਂ ਆਪਣੇ ਮੈਂਬਰਾਂ ਵੱਲੋਂ ਲਿਖੀਆਂ ਪੁਸਤਕਾਂ ਰਿਲੀਜ਼ ਕਰ ਕੇ ਨਵਾਂ ਮੀਲ-ਪੱਥਰ ਸਥਾਪਿਤ ਕੀਤਾ ਹੈ।ਜਸਵੰਤ ਸਿੰਘ ਸੇਖੋਂ ਨੇ ਇਸ ਪੁਸਤਕ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਆਏ ਹੋਏ ਅਦੀਬਾਂ, ਸਾਹਿਤਕਾਰਾਂ ਦਾ ਧੰਨਵਾਦ ਕੀਤਾ।ਅਖ਼ੀਰ ਵਿਚ ਸਭਾ ਦੇ ਪ੍ਰਧਾਨ ਡਾ. ਜੋਗਾ ਸਿੰਘ ਸਹੋਤਾ ਨੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ ਅਤੇ ਸਮਾਗਮ ਦੀ ਸਫ਼ਲਤਾ ਲਈ ਸਾਰਿਆਂ ਦਾ ਧੰਨਵਾਦ ਕੀਤਾ।

# ਪੰਜਾਬ ਸਰਕਾਰ ਦਾ ਪੰਜਾਬ ਮਾਰਟ ਵਾਲਾ ਸੁਪਨਾ ਬਾਲ ਮੁਕੰਦ ਸ਼ਰਮਾ ਨੇ ਕੈਲਗਰੀ ਵਾਲਿਆਂ ਨੂੰ ਸੁਣਾਇਆ

## ਸਰੋਂ ਦਾ ਸਾਗ,ਸ਼ਹਿਦ,ਚੌਲ ਅਤੇ ਹੋਰ ਖਾਣ ਪੀਣ ਦਾ ਸਮਾਨ ਕਨੇਡੀਅਨ ਸਟੋਰਾਂ ਉੱਪਰ ਮਿਲੇਗਾ






ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੀ 14 ਜੁਲਾਈ 2024 ਵਾਲੇ ਦਿਨ ਕੈਲਗਰੀ ਦੇ ਫਾਲਕਿਨਰਿੱਜ ਕਮਿਊਨਿਟੀ ਸੈਂਟਰ ਵਿਖੇ ਫੂਡ ਕਮਿਸ਼ਨ ਪੰਜਾਬ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਵਾਲ ਮਾਰਟ ਦੀ ਤਰਜ਼ ਉੱਪਰ ਪੰਜਾਬ ਸਰਕਾਰ ਸੁਪਨਾ ਪੰਜਾਬ ਮਾਰਟ ਸਾਂਝਾ ਕੀਤਾ। ਇਸ ਮੌਕੇ ਉਹਨਾਂ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਧਰਤੀ ਉੱਪਰ ਪੈਦਾ ਹੋ ਰਹੀਆਂ ਫਸਲਾਂ ਨੂੰ ਐਕਸਪੋਰਟ ਪਾਲਿਸੀ ਤਹਿਤ ਬਾਹਰਲੇ ਮੁਲਕਾਂ ਵਿੱਚ ਬੈਠੇ ਪੰਜਾਬੀਆਂ ਤੱਕ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਪੰਜਾਬ ਮਾਰਕਫੈਡ ਵੱਲੋਂ ਸਰੋਂ ਦਾ ਸਾਗ, ਸ਼ਹਿਦ,ਚੌਲ ਅਤੇ ਹੋਰ ਬਹੁਤ ਸਾਰੀਆਂ ਫਸਲਾਂ ਜਦੋਂ ਕਨੇਡੀਅਨਾਂ ਤੱਕ ਪਹੁੰਚਣਗੀਆਂ ਤਾਂ ਇਸ ਨਾਲ ਪੰਜਾਬ ਦੇ ਕਿਸਾਨ ਅਤੇ ਖਰੀਦਣ ਵਾਲਿਆਂ ਧਿਰਾਂ ਦੋਵਾਂ ਨੂੰ ਫਾਇਦਾ ਹੋਵੇਗਾ। ਉਹਨਾਂ ਦੱਸਿਆ ਕਿ ਜਦੋਂ ਤੁਸੀਂ ਪੰਜਾਬ ਤੋਂ ਐਕਸਪੋਰਟ ਹੋਕੇ ਆਏ ਹੋਏ ਚੌਲ ਜਾਂ ਕੋਈ ਹੋਰ ਪਦਾਰਥ ਕਨੇਡੀਅਨ ਸਟੋਰਾਂ ਉਪਰੋਂ ਖਰੀਦੋਗੇ ਤਾਂ ਉਸ ਉੱਪਰ ਲੱਗਾ ਇੱਕ ਬਾਰਕੋਡ ਸਕੈਨ ਕਰਕੇ ਤੁਸੀਂ ਜਾਣ ਸਕੋਗੇ ਕਿ ਇਹ ਪੰਜਾਬ ਦੇ ਕਿਹੜੇ ਖੇਤਾਂ ਵਿੱਚ ਕਿਹੜੇ ਕਿਸਾਨ ਦੇ ਖੇਤ ਦੀ ਪੈਦਾਵਾਰ ਹੈ। ਇਸ ਮੌਕੇ ਉਹਨਾਂ ਦੇ ਮਾਰਕਫੈਡ ਮਹਿਕਮੇ ਦੇ ਪੁਰਾਣੇ ਸਾਥੀ ਰਹੇ ਵੀਰ ਸਿੰਘ ਚੌਹਾਨ, ਜਗਦੇਵ ਸਿੰਘ ਸਿੱਧੂ, ਪਰਮੀਤ ਸਿੰਘ ਬੋਪਾਰਾਇ ਐਮ ਐਲ ਏ,ਗੁਰਿੰਦਰ ਬਰਾੜ ਐਮ ਐਲ ਏ, ਦਵਿੰਦਰ ਤੂਰ ਸਾਬਕਾ ਐਮ ਐਲ ਏ,ਡਾਕਟਰ ਗੁਰਦੇਵ ਸਿੰਘ ਤੂਰ, ਰੇਡੀਓ ਹੋਸਟ ਰਿਸ਼ੀ ਨਾਗਰ,ਜਤਿੰਦਰ ਤਤਲਾ,ਰਿੱਕੀ ਨਰੂਲਾ, ਅਤੇ ਕੈਲਗਰੀ ਦੀਆਂ ਹੋਰ ਬਹੁਤ ਸਾਰੀਆਂ ਨਾਮਵਰ ਸ਼ਖ਼ਸੀਅਤਾਂ ਹਾਜਿਰ ਸਨ।

## ਗੁਰੂਘਰ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੋਬਿੰਦ ਸਰਵਰ ਹਾਈ ਸਕੂਲ ਹੁਣ ਨਵੀਂ ਬਿਲਡਿੰਗ ਸੈਡਲਪੀਸ ਕੈਲਗਰੀ ਵਿਖੇ ਸੇਵਾਵਾਂ ਦੇਣਗੇ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੈਸਟਵਿੰਡਜ ਲੋਕੇਸ਼ਨ ਤੋਂ ਗੋਬਿੰਦ ਸਰਵਰ ਹਾਈ ਸਕੂਲ ਦੀ ਨਵੀਂ ਇਮਾਰਤ ਸੈਡਲਪੀਸ ((Saddlepeace) ਗੁਰੂ ਨਾਨਕ ਗੇਟ 8730-45 ਸਟਰੀਟ ਨਾਰਥ ਈਸਟ ਗੋਬਿੰਦ ਸਰਵਰ ਹਾਈ ਸਕੂਲ ਕੈਲਗਰੀ ਵਿਖੇ 22 ਜੁਲਾਈ ਦਿਨ ਸੋਮਵਾਰ ਦੁਪਿਹਰ 2 ਵਜੇ ਮੂਵ ਹੋ ਰਹੇ ਹਨ। ਇਸੇ ਦਿਨ Saddlepeace ਦੇ ਪਾਰਕ ਦਾ ਨਾਮਕਰਣ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ ਤੇ ਕੀਤਾ ਜਾਵੇਗਾ। ਗੁਰੂ ਘਰ ਦੀ ਪਰਬੰਧਕੀ ਟੀਮ ਵੱਲੋਂ ਕੈਲਗਰੀ ਨਿਵਾਸੀਆਂ ਨੂੰ ਦੋਨੋਂ ਸਮਾਗਮਾਂ ਵਿੱਚ ਹਾਜ਼ਰੀਆਂ ਭਰਨ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਗਈ ਹੈ।
















# ਪਦਮ ਸ੍ਰੀ ਸੁਰਜੀਤ ਪਾਤਰ ਸ਼ਰਧਾਂਜਲੀ ਸਮਾਰੋਹ

## ਪਾਤਰ ਨੂੰ ਚੇਤੇ ਕਰਦਿਆਂ ਉਹਨਾਂ ਦੀਆਂ ਹੀ ਰਚਨਾਵਾਂ ਮੰਚ ਉਪਰੋਂ ਗੂੰਜਦੀਆਂ ਰਹੀਆਂ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਸ਼ਨਿਚਰਵਾਰ 13 ਜੁਲਾਈ 2024 ਨੂੰ ਪੰਜਾਬੀ ਸਾਹਿਤ ਸਭਾ ਕੈਲਗਰੀ ਅਤੇ ਮੌਟਰੇ ਪੰਜਾਬੀ ਸੀਨੀਅਰਜ਼ ਐਸੋਸੀਏਸ਼ਨ ਦੇ ਸਾਂਝੇ ਉਪਰਾਲੇ ਨਾਲ ਪਦਮ ਸ੍ਰੀ ਸੁਰਜੀਤ ਪਾਤਰ ਜੀ ਨੂੰ ਯਾਦ ਕਰਦਿਆਂ ਤਕਰੀਬਨ ਤਿੰਨ ਸੌ ਕੈਲਗਰੀ ਨਿਵਾਸੀਆਂ ਨੇ ਸ਼ਰਧਾ ਦੇ ਫ਼ੁੱਲ ਭੇਂਟ ਕੀਤੇ। ਤਿੰਨ ਘੰਟੇ ਦੇ ਇਸ ਪ੍ਰੋਗਰਾਮ ਮੌਕੇ ਤਕਰੀਬਨ ਦਰਜਨ ਦੇ ਕਰੀਬ ਸਹਿਤਕ ਅਤੇ ਹੋਰ ਜੱਥੇਬੰਦੀਆਂ ਦੇ ਆਗੂ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਸਨ। ਕੈਲਗਰੀ ਵਿੱਚ ਇਹ ਆਪਣੀ ਕਿਸਮ ਦਾ ਅਜਿਹਾ ਸਫ਼ਲ ਪ੍ਰੋਗਰਮ ਸੀ ਜਿੱਸ ਵਿੱਚ ਸਰੋਤੇ ਅੰਤ ਤੱਕ ਪੂਰੇ ਧਿਆਨ ਨਾਲ ਬਿਨਾਂ ਰੌਲੇ ਰੱਪੇ ਅਤੇ ਹਿੱਲ- ਜੁਲ ਦੇ ਬੈਠੇ ਰਹੇ। ਕਿਸੇ ਦੇ ਸਾਹ ਲੈਣ ਦੀ ਆਵਾਜ਼ ਵੀ ਨਹੀਂ ਸੀ ਆ ਰਹੀ। ਸ: ਸੁਰਜੀਤ ਸਿੰਘ ਹੇਅਰ ਨੇ ਸੋਹਣੇ ਸੁਚੱਜੇ ਸ਼ਬਦਾਂ ਨਾਲ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਮਾਗਮ ਦੀ ਵਿਉਂਤਬੰਦੀ ਬਾਰੇ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ।

ਇਸ ਮੌਕੇ ਪੇਸ਼ ਕੀਤੀਆਂ ਗਈਆਂ ਰਚਨਾਵਾਂ ਕੇਵਲ ਤੇ ਕੇਵਲ ਡਾ ਸੁਰਜੀਤ ਪਾਤਰ ਜੀ ਦੀਆਂ ਸਨ ਜੋ ਬੋਲ ਕੇ ਅਤੇ ਗਾ ਕੇ ਪੇਸ਼ ਕੀਤੀਆਂ ਗਈਆਂ। ' ਅਸੀਂ ਹੁਣ ਮੁੜ ਨਹੀਂ ਸਕਦੇ' – ਸੁਰਜੀਤ ਪਾਤਰ ਹੋਰਾਂ ਦੀ ਲੰਬੀ ਨਜ਼ਮ , ਪ੍ਰਸਿੱਧ ਰੰਗਮੰਚ ਕਰਮੀ ਵਿਜੈ ਸਚਦੇਵਾ ਅਤੇ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਜੁੱਗਲਬੰਦੀ ਰਾਹੀਂ ਪੇਸ਼ ਕੀਤੀ। ਵਿਜੈ ਸੱਚਦੇਵਾ 'ਜਗਾ ਲੈ ਮੋਮਬਤੀਆਂ' ਰਵੀ ਜਨਾਗਲ ਨੇ 'ਜੇ ਆਈ ਪੱਤਝੜ ਤਾਂ ਫੇਰ ਕੀ ਏ' ਪਵਨ ਵੋਹਰਾ ਨੇ 'ਕੋਈ ਡਾਲੀਆਂ ਚੋਂ ਲੰਘਿਆ', ਮਨਾਵਰ ਅਹਿਮਦ ਨੇ 'ਕਿਸ ਕਿਸ ਦਿਸ਼ਾ ਤੋਂ ਸ਼ਾਮ ਨੂੰ ਆਵਾਜ਼ਾਂ ਆਉਂਦੀਆਂ, ਸ਼ਮਿੰਦਰ ਕਮੋ ਤੇ ਸੁਰਜੀਤ ਕਮੋ ਦੀ ਜੋੜੀ ਨੇ 'ਚੰਨ ਦੀ ਚਾਨਣੀ', ਹਰਜੀਤ ਗਿੱਲ ਨੇ' ਕੁੱਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ" ਸੁਖਮੰਦਰ ਤੂਰ ਨੇ 'ਇਹ ਬਾਤ ਨਿਰੀ ਏਨੀ ਹੀ ਨਹੀਂ'ਅਤੇ ਭੋਲਾ ਸਿੰਘ ਚੌਹਾਨ ਨੇ 'ਪਿੰਡ ਜਿਹਨਾਂ ਦੇ ਗੱਡੇ ਚਲਦੇ' ਰਚਨਾਵਾਂ ਬਹੁਤ ਹੀ ਸੁਰੀਲੀ ਆਵਾਜ਼ ਅਤੇ ਸੁਰੀਲੇ ਸੰਜੋਗ ਵਿੱਚ ਪੇਸ਼ ਕੀਤੀਆਂ।

ਗਿਆਰਾਂ ਸਾਲ ਦੇ ਮੋਹਕਮ ਸਿੰਘ




ਨੇ ਜਿਸ ਖ਼ੂਬਸੂਰਤ ਅੰਦਾਜ਼ ਅਤੇ ਸੁਰੀਲੀ ਆਵਾਜ਼ ਵਿੱਚ ਡਾ: ਸੁਰਜੀਤ ਪਾਤਰ ਦੀ ਰਚਨਾ ' ਕੁੰਡਾ ਜਿੰਦਾ ਮਾਰ ਕੇ ਬੂਹਾ ਢੋਇਆ ਸੀ, ਉੱਪਰ ਜੀਅ ਆਇਆਂ ਨੂੰ ਲਿਖਿਆ ਹੋਇਆ ਸੀ' ਦਾ ਗਾਇਨ ਕੀਤਾ। ਬੱਚੇ ਦੀ ਪੇਸ਼ਕਾਰੀ ਵਿਸ਼ੇਸ਼ ਤੌਰ ਤੇ ਖਿੱਚ ਦਾ ਕਾਰਣ ਬਣੀ।

ਚਰਨਜੀਤ ਕੌਰ ਬਾਜਵਾ ਨੇ ਡਾ: ਸੁਰਜੀਤ ਪਾਤਰ ਦਾ ਲਿਖਿਆ ਗੀਤ ' ਅੱਜ ਮੇਰੇ ਕੋਲੋਂ ਕੱਚ ਦਾ ਗਲਾਸ ਟੁੱਟਿਆ' ਬੜੇ ਹੀ ਖ਼ੂਬਸੂਰਤ ਅੰਦਾਜ਼ ਵਿੱਚ ਗਾ ਕੇ ਵਾਹਵਾ ਖੱਟੀ। ਡਾ, ਸਤਿੰਦਰ ਕੌਰ ਸੋਹੀ, ਕਵੀ ਬਚਨ ਸਿੰਘ ਗੁਰਮ ਅਤੇ ਸਰਬਜੀਤ ਸਿੰਘ ਰੰਧਾਵਾ ਨੇ ਪਾਤਰ ਸਾਹਿਬ ਦੀਆਂ ਗਜ਼ਲਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਡਾ: ਰਾਜਵੰਤ ਕੌਰ ਮਾਨ, ਗੁਰਚਰਨ ਕੌਰ ਥਿੰਦ, ਡਾ: ਹਰਭਜਨ ਸਿੰਘ ਢਿੱਲੋਂ ਨੇ ਡਾ, ਪਾਤਰ ਦੀ ਸਖ਼ਸ਼ੀਅਤ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਸੁਖਮੰਦਰ ਗਿੱਲ ਨੇ ਡਾ: ਸੁਰਜੀਤ ਪਾਤਰ ਨੂੰ ਯਾਦ ਕਰਦਿਆਂ ਆਪਣੀ ਮੌਲਿਕ ਰਚਨਾ ਤਰੰਨਮ ਵਿੱਚ ਸੁਣਾਈ। ਪਰਮਿੰਦਰ ਰਮਨ ਦੀ ਮੌਲਿਕ ਕਵਿਤਾ 'ਪਾਤਰ ਕਦੇ ਮਰਦੇ ਨਹੀਂ' ਬਹੁਤ ਭਾਵ-ਪੂਰਤ ਰਹੀ।

ਇਸ ਤੋਂ ਇਲਾਵਾ ਪੰਜਾਬ ਦੇ ਮਸ਼ਹੂਰ ਕਲਾਕਾਰ ਅਤੇ ਕਾਮੇਡੀਅਨ ਸ੍ਰੀ ਬਾਲ ਮੁਕੰਦ ਸ਼ਰਮਾ ਜੀ ਦੀ ਹਾਜਰੀ ਨੇ ਪ੍ਰੋਗਰਾਮ ਨੂੰ ਹੋਰ ਵੀ ਪ੍ਰਭਾਵਸ਼ਾਲੀ ਤੇ ਰੋਚਿਕ ਬਣਾ ਦਿੱਤਾ। ਜਗਦੇਵ ਸਿੱਧੂ ਹੋਰਾਂ ਨੇ ਬਹੁਤ ਹੀ ਸੰਖੇਪ ਪਰ ਸੋਹਣੇ ਸ਼ਬਦਾਂ ਵਿੱਚ ਬਾਲ ਮੁਕੰਦ ਸ਼ਰਮਾ ਜੀ ਦੀ ਸਰੋਤਿਆਂ ਨਾਲ ਜਾਣ ਪਹਿਚਾਣ ਕਰਵਾਈ। ਪੰਜਾਬੀ ਸਾਹਿਤ ਸਭਾ ਵੱਲੋਂ ਸ੍ਰੀ ਬਾਲ ਮੁਕੰਦ ਸ਼ਰਮਾ ਅਤੇ ਉਹਨਾਂ ਦੀ ਧਰਮ ਪਤਨੀ ਕੰਚਨ ਸ਼ਰਮਾ ਜੀ ਦਾ ਪੰਜਾਬੀ ਸਾਹਿਤ ਸਭਾ ਕੈਲਗਰੀ ਅਤੇ ਮੌਂਟਰੇ ਪੰਜਾਬੀ ਸੀਨੀਅਰਜ਼ ਐਸੋਸੀਏਸ਼ਨ ਵੱਲੋਂ ਸਨਮਾਨ ਕੀਤਾ ਗਿਆ। ਅੰਤ ਵਿੱਚ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਕਿਹਾ ਕਿ ਪਾਤਰ ਕਲ੍ਹ ਵੀ ਜਿਉਂਦਾ ਸੀ, ਅੱਜ ਵੀ ਜਿਊਂਦਾ ਹੈ ਅਤੇ ਕੱਲ੍ਹ ਨੂੰ ਵੀ ਜਿਉਂਦਾ ਰਹੇਗਾ।

"ਜਦੋਂ ਤਕ ਲਫ਼ਜ਼ ਜਿਊਂਦੇ ਨੇ ਸੁਖ਼ਨਵਰ ਜਿਊਣ ਮਰ ਕੇ ਵੀ
ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿੱਚ ਸੁਆਹ ਬਣਦੇ।

ਸੁਰਿੰਦਰ ਗੀਤ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਦਾ ਇਹ ਭਰਵਾਂ ਇਕੱਠ ਪਾਤਰ ਦੇ ਇਸ ਸ਼ਿਅਰ ਵਿਚਲੇ ਸੱਚ ਦੀ ਗਵਾਹੀ ਭਰਦਾ ਹੈ। ਪਾਤਰ ਸਾਹਿਬ ਦੇ ਸਹੁਰੇ ਪਿੰਡ ਤੋਂ ਪੁੱਜੇ ਸ ਬਖਤਾਵਰ ਸਿੰਘ ਬਸਰਾ ਅਤੇ ਸੁਰਿੰਦਰ ਸਿੰਘ ਬਸਰਾ ਲਈ ਵਿਸ਼ੇਸ਼ ਧੰਨਵਾਦੀ ਸ਼ਬਦ ਕਹੇ।

ਮੌਂਟਰੇ ਪੰਜਾਬੀ ਸੀਨੀਅਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸੁਰਜੀਤ ਸਿੰਘ ਹੇਅਰ ਦਾ ਖਾਸ ਤੋਰ ਤੇ ਵਿਸ਼ੇਸ਼ ਧੰਨਵਾਦ ਕੀਤਾ ਜਿੰਨ੍ਹਾਂ ਦੀ ਪਹਿਲ ਕਦਮੀ ਨਾਲ ਇਹ ਸਾਂਝਾ ਉਪਰਾਲਾ ਬਹੁਤ ਹੀ ਕਾਮਯਾਬੀ ਨਾਲ ਨੇਪਰੇ ਚੜ੍ਹਿਆ।ਵਰਨਣ ਯੋਗ ਹੈ ਕਿ ਐਨ ਸੀ ਸੀ ਏ ਦੇ ਪ੍ਰਧਾਨ ਬਹੁਤ ਸਾਰੇ ਮੈਂਬਰਾਂ ਨਾਲ ਹਾਜ਼ਰ ਸਨ ਅਤੇ ਸਨੈਕਸ ਦਾ ਪ੍ਰਬੰਧ ਉਹਨਾਂ ਦੀ ਐਸੋਸੀਏਸ਼ਨ ਵੱਲੋਂ ਕੀਤਾ ਗਿਆ ।ਪੰਜਾਬੀ ਸਾਹਿਤ ਸਭਾ ਦੇ ਸਕੱਤਰ ਜਨਰਲ ਗੁਰਦਿਆਲ ਸਿੰਘ ਖਹਿਰਾ ਦੀ ਮਿਹਨਤ ਅਤੇ ਵਿਉਂਤਬੰਦੀ ਝਲਕਦੀ ਸੀ। ਸਟੇਜ ਦੀ ਸਲੀਕੇ ਨਾਲ ਕੀਤੀ ਬਾਕਮਾਲ ਕਾਰਵਾਈ ਨੇ ਇਸ ਸਮਾਗਮ ਨੂੰ ਉੱਚ ਪੱਧਰਾ ਅਤੇ ਯਾਦਗਰੀ ਬਣਾ ਦਿੱਤਾ।






## ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਕੈਨੇਡਾ ਦਿਵਸ 'ਤੇ ਖ਼ੂਬ ਰੌਣਕਾਂ ਲਾਈਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ ਪੰਜ ਜੁਲਾਈ ਨੂੰ ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਕੈਨੇਡਾ ਦਿਵਸ ਨੂੰ ਐਡਵਰਦੀ ਪਾਰਕ ਵਿਖੇ ਪਿਕਨਿਕ ਵੱਜੋਂ ਮਨਾਇਆ। ਕੈਨੇਡਾ ਦੇ ਮੂਲਨਿਵਾਸੀਆਂ ਨੂੰ ਸਨਮਾਨ ਸਹਿਤ ਯਾਦ ਕਰਨ ਉਪ੍ਰੰਤ ਕੈਨੇਡਾ ਦਾ ਕੌਮੀ ਤਰਾਨਾ ''ਓ ਕੈਨੇਡਾ'' ਗਾ ਕੇ ਕੇਕ ਕੱਟਣ ਦੀ ਰਸਮ ਪ੍ਰਸ਼ੋਤਮ ਭਾਰਦਵਾਜ, ਬਿੱਕਰ ਸਿੰਘ ਸੰਧੂ ਅਤੇ ਸੁਖਵਿੰਦਰ ਕੌਰ (ਸੁੱਖੀ) ਕੁੰਡੂ ਨੇ ਅਦਾ ਕੀਤੀ। ਪ੍ਰਧਾਨ ਸੁਰਿੰਦਰਜੀਤ ਸਿੰਘ ਪਲਾਹਾ ਦੇ ਇਸ ਪ੍ਰਸਤਾਵ ( ਸਪੈਸ਼ਲ ਰਿਜ਼ੋਲੂਸ਼ਨ ) ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਕਿ ਐਸੋਸੀਏਸ਼ਨ ਦਾ ਸਾਲਾਨਾ ਜਨਰਲ ਇਜਲਾਸ (ਏ ਜੀ ਐਮ ) ਅਕਤੂਬਰ ਦੇ ਅੰਤ ਤੱਕ ਕੀਤਾ ਜਾਵੇਗਾ। ਕੈਨੇਡਾ ਦਿਵਸ ਦੇ ਸੰਬੰਧ ਵਿੱਚ ਸੁਰਿੰਦਰਜੀਤ ਪਲਾਹਾ ਦਾ ਵਿਚਾਰ ਸੀ ਕਿ ਸਾਨੂੰ ਆਪਣੇ ਇਸ ਮੁਲਕ ਦੇ ਧਰਮ-ਨਿਰਪੱਖ, ਲੋਕਤੰਤਰੀ, ਮਨੁੱਖੀ ਅਧਿਕਾਰ ਅਤੇ ਆਜ਼ਾਦੀ ਵਾਲੇ ਖਾਸੇ ਨੂੰ ਮੁੱਖ ਰੱਖ ਕੇ ਇੱਥੋਂ ਦੇ ਕਾਇਦੇ-ਕਾਨੂੰਨਾਂ ਮੁਤਾਬਕ ਵਿਚਰਨਾ ਚਾਹੀਦਾ ਹੈ। ਜਗਦੇਵ ਸਿੱਧੂ ਨੇ ਕੈਨੇਡਾ ਦਿਵਸ ਨਾਲ ਸੰਬੰਧਤ ਇਤਿਹਾਸ ਨੂੰ ਸੰਖੇਪ ਵਿੱਚ ਪੇਸ਼ ਕੀਤਾ। ਦਰਸ਼ਨ ਧਾਲ਼ੀਵਾਲ਼, ਕਰਮ ਸਿੰਘ ਮੁੰਡੀ, ਦਿਲਾਵਰ ਸਮਰਾ ਅਤੇ ਜਰਨੈਲ ਤੱਗੜ ਨੇ ਕੈਨੇਡਾ ਦੀ ਕਈ ਪੱਖਾਂ ਤੋਂ ਸਿਫ਼ਤ ਕੀਤੀ ਅਤੇ ਇੱਥੋਂ ਦੀਆਂ ਕਦਰਾਂ-ਕੀਮਤਾਂ ਸਣੇ ਇੱਥੋਂ ਦੇ ਰੀਤੀ-ਰਿਵਾਜਾਂ ਦੀ ਕਦਰ ਕਰਨ ਦੀ ਗੱਲ ਕਹੀ। ਜਸਵੀਰ ਸਿਹੋਤਾ, ਜਗਦੇਵ ਸਿੱਧੂ, ਸ਼ਮਿੰਦਰ ਕੰਮੋਹ ਅਤੇ ਆਰ ਕੇ ਵਰਮਾ ਨੇ ਕਵਿਤਾਵਾਂ ਦਾ ਉਚਾਰਨ ਕੀਤਾ। ਜਦੋਂ ਵਿਜੇ ਸਚਦੇਵਾ ਨੇ ਦੋ ਗੀਤ – 'ਆ ਚੱਲ ਕਿ ਤੁਝੇ ਮੈਂ ਲੇ ਕੇ ਚਲੂੰ', 'ਯਾਦ ਮੇਰੀ ਉਨ ਕੋ ਭੀ ਆਤੀ ਤੋ ਹੋਗੀ,' ਚਰਨਜੀਤ ਕੌਰ ਬਾਜਵਾ ਨੇ ਸੁਰਿੰਦਰ ਕੌਰ ਦਾ ਗਾਇਆ ਗੀਤ – 'ਨੀਂ ਇੱਕ ਮੇਰੀ ਅੱਖ ਚਾਸ਼ਨੀਂ,' ਬਿੱਕਰ ਸਿੰਘ ਸੰਧੂ ਨੇ 'ਯੇਹ ਦਿਲ ਬਿਨ ਤੁਮਹਾਰੇ ਲਗਤਾ ਨਹੀਂ,' ਅਤੇ ਪਟਿਆਲਾ ਘਰਾਣੇ ਦੇ ਕਲਾਸੀਕਲ ਗਾਇਕੀ ਦੇ ਉਸਤਾਦ ਨਿਸ਼ੀਕਾਂਤ ਬਾਲੀ ਨੇ 'ਬੇਖ਼ੁਦੀ ਮੇਂ ਭੀ ਕਰਾਰ ਆਤਾ ਨਹੀਂ" ਆਪੋ-ਆਪਣੇ ਪਰਪੱਕ ਅੰਦਾਜ਼ ਵਿੱਚ ਗਾਏ ਤਾਂ ਜਾਣੀ ਨਾਲ਼ ਵਗਦੇ ਬੋਅ ਦਰਿਆ ਦੇ ਪਾਣੀਆਂ ਵਿੱਚ ਮਿਸ਼ਰੀ ਘੁਲ਼ ਗਈ । ਮੈਡਮ ਲਲਿਤਾ, ਤੁਰਜੀਤ ਸਿੰਘ ਲਾਲੀ ਅਤੇ ਪ੍ਰਮਿੰਦਰ ਗਰੇਵਾ਼ਲ ਨੇ ਚੰਗੀ ਸਿਹਤ ਲਈ ਸਾਵੀਂ ਖ਼ੁਰਾਕ, ਦਿਮਾਗੀ-ਜਿਸਮਾਨੀ ਕਸਰਤ ਅਤੇ ਖੇਡਾਂ ਦੀ ਅਹਿਮੀਅਤ ਉਪਰ ਜ਼ੋਰ ਦਿੱਤਾ। ਹਰਿੰਦਰ ਕੌਰ ਮੁੰਡੀ ਨੂੰ ਪੰਜਾਬ ਦੇ ਉੱਚੇ-ਸੁੱਚੇ ਸੱਭਿਆਚਾਰ, ਰਹੁ-ਰੀਤਾਂ ਅਤੇ ਰਸਮੋ-ਰਿਵਾਜ ਦੇ ਵਿਸਾਰੇ ਜਾ ਰਹੇ ਵਰਤਾਰੇ ਦਾ ਝੋਰਾ ਸੀ। ਜਸਵੰਤ ਸਿੰਘ ਕਪੂਰ ਨੇ ਰੱਬ ਦੀਆਂ ਦਿੱਤੀਆਂ ਨਿਆਮਤਾਂ ਲਈ ਉਸ ਪਰਵਰਦਿਗਾਰ ਦਾ ਸ਼ੁਕਰਾਨਾ ਕਰਨ ਦੀ ਨਸੀਹਤ ਦਿੱਤੀ। ਜੋਗਾ ਸਿੰਘ ਲੈਹਲ ਅਤੇ ਕਰਮ ਸਿੰਘ ਭੁੱਲਰ ਨੇ ਵੰਨ-ਸੁਵੰਨੇ ਚੁਟਕਲੇ ਸੁਣਾ ਕੇ ਹਾਸਰਸ ਦਾ ਮਾਹੌਲ ਸਿਰਜਿਆ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਇਨ੍ਹੀਂ ਦਿਨੀਂ ਕੈਨੇਡਾ ਫੇਰੀ 'ਤੇ ਆਏ ਮਹਾਂਪੁਰਸ਼ ਬਾਬਾ ਸੇਵਾ ਸਿੰਘ ਜੀ, ਕਾਰ ਸੇਵਾ ਖਡੂਰ ਸਾਹਿਬ ਵਾਲ਼ਿਆਂ ਦੇ ਜੀਵਨ ਅਤੇ ਉਨ੍ਹਾਂ ਦੁਆਰਾ ਸਰਬੱਤ ਦੇ ਭਲੇ ਲਈ ਵਿੱਦਿਆ, ਧਰਮ, ਵਾਤਾਵਰਣ ਅਤੇ ਸਮਾਜਿਕ ਖੇਤਰਾਂ ਵਿਚ ਕੀਤੇ ਜਾ ਰਹੇ ਮਹਾਨ ਉਪਰਾਲਿਆਂ ਬਾਰੇ ਸੰਖੇਪ ਵਿਚ ਚਾਨਣ ਪਾਇਆ। ਸ਼ਮਿੰਦਰ ਕੰਮੋਹ ਨੇ ਲੰਮੀ ਵਿਅੰਗਮਈ ਕਵਿਤਾ ਪੜ੍ਹੀ। ਸੁਖਵਿੰਦਰ ਕੌਰ ( ਸੁੱਖੀ ) ਕੁੰਡੂ ਨੇ ਇੱਕ ਹੋਰ ਵਿਅੰਗਾਤਮਿਕ ਵਿਸ਼ੇ ਨੂੰ ਲੈ ਕੇ ਮੋਨੋ ਐਕਟਿੰਗ ਰਾਹੀਂ ਦਰਸ਼ਕਾਂ ਨੂੰ ਕੀਲ ਲਿਆ। ਸਰਦਾਰ ਤਾਰਿਕ ਮਲਿਕ ਨੇ ਆਪਣੇ ਜੀਵਨ ਦੇ ਅਦੁੱਤੀ ਭੇਤ ਸਾਂਝੇ ਕਿਤੇ ਕਿ ਕਿਵੇਂ ਉਸ ਨੇ ਹੇਠਲੇ ਪੱਧਰ ਤੋਂ ਉੱਠ ਕੇ ਸ਼ਾਨਦਾਰ ਜ਼ਿੰਦਗੀ ਜਿਉਣ ਦੇ ਸੁਪਨੇ ਉਲੀਕੇ ਅਤੇ ਕੈਨੇਡਾ ਵਿਚ ਉੱਚੀ ਵਿੱਦਿਆ ਪ੍ਰਾਪਤ ਕਰ ਕੇ ਕਾਮਯਾਬੀ ਹਾਸਲ ਕੀਤੀ। ਉਸ ਨੇ ਫ਼ੁਰਮਾਇਆ ਕਿ ਇਹ ਮੁਲਕ ਸਭ ਤੋਂ ਵਧੀਆ, ਇਹ ਸ਼ਹਿਰ ( ਕੈਲਗਰੀ ) ਸਭ ਤੋਂ ਖ਼ੂਬਸੂਰਤ ਅਤੇ ਐਸੋਸੀਏਸ਼ਨ ਦੀ ਇਹ ਇਕੱਤਰਤਾ ਸਭ ਤੋਂ ਸ਼ਾਨਦਾਰ ਹੈ। ਕੁਦਰਤ ਦੀ ਬੁੱਕਲ਼ ਵਿੱਚ ਮਨਾਈ ਇਸ ਪਿਕਨਿਕ ਨੂੰ ਇਸ ਸਮੇਂ ਸਲੀਕੇ ਨਾਲ ਵਰਤਾਏ ਗਏ ਲਜ਼ੀਜ਼ ਖਾਣੇ ਸਦਕਾ ਵੀ ਯਾਦ ਰੱਖਿਆ ਜਾਵੇਗਾ। ਜਦੋਂ ਸੁਰਿੰਦਰਜੀਤ ਪਲਾਹਾ ਨੇ ਸਭ ਦਾ ਧੰਨਵਾਦ ਕਰਦਿਆਂ ਅਗਲੀ ਮੀਟਿੰਗ ਲਈ ਇਸੇ ਥਾਂ ਜੁੜਨ ਦੀ ਤਰੀਕ ਦੱਸੀ ਤਾਂ ਸਾਰੇ ਇਹੋ ਕਹਿੰਦੇ ਹੋਏ ਘਰਾਂ ਨੂੰ ਪਰਤੇ – 26 ਜੁਲਾਈ,ਤਾਂ ਆਈ ਕਿ ਆਈ।
















# ਸੰਪਾਦਕੀ



ਸਾਂਝ ਅਤੇ ਸਹਿਜ ਸਫਲਤਾ ਦੇ ਦਰਵਾਜੇ ਹਨ।
-ਜੇਮਸ ਮੈਡੀਸਨ

## ਲੋਕਤੰਤਰ ਵਿੱਚ ਹਿੰਸਾ ਲਈ ਕੋਈ ਥਾਂ ਨਹੀਂ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਹਮਲੇ ਤੋਂ ਬਾਅਦ ਕੁਦਰਤੀ ਤੌਰ 'ਤੇ ਉੱਥੋਂ ਦੀ ਸੁਰੱਖਿਆ ਅਤੇ ਖੁਫੀਆ ਏਜੰਸੀਆਂ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਇਸ ਰਾਸ਼ਟਰਪਤੀ ਚੋਣ ਵਿੱਚ ਟਰੰਪ ਇੱਕ ਵਾਰ ਫਿਰ ਤੋਂ ਉਮੀਦਵਾਰ ਹਨ। ਉਹ ਪੈਨਸਿਲਵੇਨੀਆ ਦੇ ਬਟਲਰ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਿਤ ਕਰ ਰਹੇ ਸੀ ਜਦੋਂ ਇੱਕ ਨੌਜਵਾਨ ਨੇ ਨੇੜੇ ਦੀ ਛੱਤ ਤੋਂ ਉਸ 'ਤੇ ਗੋਲੀਬਾਰੀ ਕੀਤੀ। ਸ਼ੁਕਰ ਹੈ, ਨਿਸ਼ਾਨਾ ਖੁੰਝ ਗਿਆ ਅਤੇ ਗੋਲੀ ਟਰੰਪ ਦੇ ਸੱਜੇ ਕੰਨ ਵਿੱਚੋਂ ਲੰਘ ਗਈ। ਉਥੇ ਹੀ ਸੁਰੱਖਿਆ ਕਰਮੀਆਂ ਨੇ ਹਮਲਾਵਰ ਨੂੰ ਮਾਰ ਦਿੱਤਾ। ਰਾਸ਼ਟਰਪਤੀ ਜੋਅ ਬਿਡੇਨ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਲੋਕਤੰਤਰ ਵਿੱਚ ਹਿੰਸਾ ਲਈ ਕੋਈ ਥਾਂ ਨਹੀਂ ਹੈ। ਪਰ ਇਸ ਘਟਨਾ ਤੋਂ ਬਾਅਦ ਸਿਆਸੀ ਬਿਆਨਬਾਜ਼ੀ ਸ਼ੁਰੂ ਹੋ ਗਈ ਹੈ। ਰਿਪਬਲਿਕਨ ਪਾਰਟੀ ਦੇ ਕੁੱਝ ਨੇਤਾਵਾਂ ਨੇ ਦੋਸ਼ ਲਗਾਇਆ ਕਿ ਜੋ ਬਿਡੇਨ ਦੇ ਭਾਸ਼ਣਾਂ ਨੇ ਉਨ੍ਹਾਂ ਨੂੰ ਟਰੰਪ 'ਤੇ ਹਮਲਾ ਕਰਨ ਲਈ ਪ੍ਰੇਰਿਤ ਕੀਤਾ। ਇਹ ਕਤਲ ਦੀ ਕੋਸ਼ਿਸ਼ ਸੀ। ਹਾਲਾਂਕਿ ਅਮਰੀਕਾ 'ਚ ਇਹ ਪਹਿਲੀ ਘਟਨਾ ਨਹੀਂ ਹੈ ਜਦੋਂ ਕਿਸੇ ਨੇਤਾ 'ਤੇ ਜਾਨਲੇਵਾ ਹਮਲਾ ਹੋਇਆ ਹੋਵੇ। ਪਰ ਦੁਨੀਆ 'ਚ ਸਭ ਤੋਂ ਚੌਕਸ ਮੰਨੇ ਜਾਣ ਵਾਲੇ ਅਮਰੀਕੀ ਸੁਰੱਖਿਆ ਪ੍ਰਣਾਲੀ 'ਤੇ ਸਵਾਲ ਖੜ੍ਹੇ ਹੋ ਰਹੇ ਹਨ ਕਿਉਂਕਿ ਟਰੰਪ 'ਤੇ ਹਮਲਾ ਕਰਨ ਵਾਲੇ ਵਿਅਕਤੀ ਦੀ ਜਾਣਕਾਰੀ ਘਟਨਾ ਤੋਂ ਕੁੱਝ ਸਮਾਂ ਪਹਿਲਾਂ ਦਿੱਤੀ ਗਈ ਸੀ। ਇੱਕ ਚਸ਼ਮਦੀਦ ਨੇ ਦੱਸਿਆ ਕਿ ਹਮਲਾਵਰ ਨੂੰ ਨੇੜਲੇ ਘਰ ਦੀ ਛੱਤ 'ਤੇ ਸਾਫ ਦੇਖਿਆ ਗਿਆ ਸੀ ਅਤੇ ਉਸ ਨੇ ਸੁਰੱਖਿਆ ਕਰਮਚਾਰੀਆਂ ਨੂੰ ਵੀ ਸੂਚਿਤ ਕੀਤਾ ਸੀ। ਕਿਉਂਕਿ ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ ਜ਼ੋਰਾਂ 'ਤੇ ਹਨ ਅਤੇ ਟਰੰਪ ਦਾ ਦਾਅਵਾ ਮਜ਼ਬੂਤ ਮੰਨਿਆ ਜਾ ਰਿਹਾ ਹੈ, ਇਸ ਘਟਨਾ ਨੂੰ ਰਾਜਨੀਤੀ ਦੇ ਕੇਂਦਰ ਵਿੱਚ ਲਿਆਂਦਾ ਗਿਆ ਹੈ। ਕਈ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਘਟਨਾ ਨਾਲ ਟਰੰਪ ਨੂੰ ਹਮਦਰਦੀ ਮਿਲੇਗੀ ਅਤੇ ਉਨ੍ਹਾਂ ਦੇ ਦਾਅਵੇ ਨੂੰ ਮਜ਼ਬੂਤੀ ਮਿਲੇਗੀ। ਹਾਲਾਂਕਿ ਅਮਰੀਕਾ 'ਚ ਇਸ ਤਰ੍ਹਾਂ ਵੋਟਰਾਂ ਨੂੰ ਪ੍ਰਭਾਵਿਤ ਕਰਨਾ ਥੋੜ੍ਹਾ ਮੁਸ਼ਕਿਲ ਮੰਨਿਆ ਜਾਂਦਾ ਹੈ। ਅਮਰੀਕੀ ਖੁਫੀਆ ਏਜੰਸੀ ਐਫਬੀਆਈ ਅਜੇ ਤੱਕ ਇਹ ਪਤਾ ਨਹੀਂ ਲਗਾ ਸਕੀ ਹੈ ਕਿ ਹਮਲਾਵਰ ਦਾ ਮਕਸਦ ਕੀ ਸੀ। ਉਸ ਦਾ ਕਹਿਣਾ ਹੈ ਕਿ ਹਮਲਾਵਰ ਨੇ ਇਕੱਲੇ ਹੀ ਹਮਲੇ ਦੀ ਯੋਜਨਾ ਬਣਾਈ ਸੀ ਅਤੇ ਉਸ ਦਾ ਕਿਸੇ ਹੋਰ ਗਰੁੱਪ ਨਾਲ ਕੋਈ ਸਬੰਧ ਨਹੀਂ ਸੀ, ਇਸ ਲਈ ਉਸ ਦੇ ਮਕਸਦ ਦਾ ਪਤਾ ਲਗਾਉਣਾ ਮੁਸ਼ਕਲ ਹੈ। ਪਰ ਪਿਛਲੇ ਕੁੱਝ ਸਮੇਂ ਤੋਂ ਅਮਰੀਕਾ ਵਿੱਚ ਜਿਸ ਤਰ੍ਹਾਂ ਦਾ ਮਾਹੌਲ ਬਣਿਆ ਹੋਇਆ ਹੈ, ਉਸ ਤੋਂ ਨੌਜਵਾਨਾਂ ਵਿੱਚ ਜੋ ਹਿੰਸਕ ਵਿਵਹਾਰ ਪੈਦਾ ਹੋਇਆ ਹੈ, ਉਸ ਦੀ ਕਲਪਨਾ ਕਰਨੀ ਔਖੀ ਨਹੀਂ ਹੈ। ਜਦੋਂ ਟਰੰਪ ਪਿਛਲੀਆਂ ਚੋਣਾਂ ਹਾਰ ਗਏ ਸਨ ਤਾਂ ਉਨ੍ਹਾਂ ਦੇ ਸਮਰਥਕ ਅਮਰੀਕੀ ਸੰਸਦ ਵਿੱਚ ਦਾਖ਼ਲ ਹੋ ਗਏ ਸਨ ਅਤੇ ਉੱਥੇ ਭਾਰੀ ਭੰਨਤੋੜ ਕੀਤੀ ਸੀ। ਉੱਥੋਂ ਦੇ ਮਾਹੌਲ ਦਾ ਅੰਦਾਜ਼ਾ ਨੌਜਵਾਨਾਂ ਵਿੱਚ ਦੂਜੇ ਦੇਸ਼ਾਂ ਦੇ ਨਾਗਰਿਕਾਂ ਪ੍ਰਤੀ ਪੈਦਾ ਹੋਈ ਨਸਲੀ ਹਿੰਸਾ ਅਤੇ ਨਫ਼ਰਤ ਦੀ ਮਾਨਸਿਕਤਾ ਤੋਂ ਲਗਾਇਆ ਜਾ ਸਕਦਾ ਹੈ। ਇਹ ਕੋਈ ਛੁਪੀ ਗੱਲ ਨਹੀਂ ਹੈ ਕਿ ਅਮਰੀਕਾ ਵਿੱਚ ਮਹਿੰਗਾਈ ਅਤੇ ਬੇਰੁਜ਼ਗਾਰੀ ਕਾਰਨ ਬਹੁਤ ਸਾਰੇ ਨੌਜਵਾਨਾਂ ਵਿੱਚ ਰੋਸ ਹੈ। ਇਸ ਨਿਰਾਸ਼ਾ ਕਾਰਨ ਕਈ ਨੌਜਵਾਨ ਹਿੰਸਕ ਹਰਕਤਾਂ ਕਰਦੇ ਨਜ਼ਰ ਆ ਰਹੇ ਹਨ। ਹਾਲਾਂਕਿ ਟਰੰਪ 'ਤੇ ਹਮਲਾ ਕਰਨ ਵਾਲੇ ਨੌਜਵਾਨ ਨੇ ਆਪਣੇ ਆਪ ਨੂੰ ਉਸ ਦੇ ਸਮਰਥਕ ਵੱਜੋਂ ਦਰਜ ਕਰਵਾਇਆ ਸੀ ਪਰ ਜਦੋਂ ਤੱਕ ਇਹ ਪਤਾ ਨਹੀਂ ਲੱਗ ਜਾਂਦਾ ਕਿ ਉਸ ਨੇ ਉਸ 'ਤੇ ਹਮਲਾ ਕਿਉਂ ਕੀਤਾ, ਉਦੋਂ ਤੱਕ ਯਕੀਨ ਨਾਲ ਕੁੱਝ ਕਹਿਣਾ ਮੁਸ਼ਕਿਲ ਹੈ। ਪਰ ਇਹ ਘਟਨਾ ਅਮਰੀਕੀ ਜਮਹੂਰੀਅਤ ਲਈ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਅਜਿਹੀ ਚੋਣ ਹਿੰਸਾ ਉੱਥੇ ਪਹਿਲਾਂ ਕਦੇ ਨਹੀਂ ਦੇਖੀ ਗਈ। ਜੇਕਰ ਅਮਰੀਕੀ ਨੌਜਵਾਨਾਂ ਵਿੱਚ ਅਜਿਹਾ ਰੁਝਾਨ ਵਧ ਰਿਹਾ ਹੈ ਤਾਂ ਬਿਨਾਂ ਸ਼ੱਕ ਇਸ ਬਾਰੇ ਤੁਰੰਤ ਸੁਚੇਤ ਹੋਣ ਦੀ ਲੋੜ ਹੈ। ਚੰਗੀ ਗੱਲ ਇਹ ਹੈ ਕਿ ਬਿਡੇਨ ਪ੍ਰਸ਼ਾਸਨ ਇਸ ਘਟਨਾ ਦੀ ਜਾਂਚ ਵਿੱਚ ਕੋਈ ਸਿਆਸੀ ਪੱਖਪਾਤ ਨਹੀਂ ਦਿਖਾ ਰਿਹਾ ਹੈ।

ਅਮਨਦੀਪ

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਖੋਪਰੀ ਲੁਹਾਉਣ ਵਾਲੇ ਸ਼ਹੀਦ ਭਾਈ ਤਾਰੂ ਸਿੰਘ ਜੀ



ਜਸਵਿੰਦਰ ਸਿੰਘ ਰੁਪਾਲ

ਅਰਦਾਸ ਵਿਚ ਜਦੋ ਹਰ ਰੋਜ ਇਹ ਸ਼ਬਦ ਪੜ੍ਹਦੇ ਹਾਂ ..÷ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ,ਚਰਖੜੀਆਂ ਤੇ ਚੜ੍ਹੇ, ਤਨ ਆਰਿਆਂ ਨਾਲ ਚਿਰਾਏ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰਕੇ ਬੋਲੋ ਜੀ ਵਾਹਿਗੁਰੂ।÷ ਤਾਂ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ। ਇਹ ਸਾਰੇ ਤਸੀਹੇ ਸੋਚ ਕੇ ਹੀ ਦਿਲ ਕੰਬ ਜਾਂਦਾ ਹੈ। ਕਿਸ ਤਰਾਂ ਦੀ ਆਤਮਿਕ ਉਚੱਤਾ ਦੇ ਮਾਲਿਕ ਹੋਣਗੇ ਇਨ੍ਹਾਂ ਅਸਹਿ ਤੇ ਅਕਹਿ ਕਸ਼ਟਾਂ ਨੂੰ ਖਿੜੇ ਮੱਥੇ ਸਹਿ ਜਾਣ ਵਾਲੇ। ਅੱਜ ਇਹਨਾਂ ਵਿਚੋਂ ਹੀ ਇੱਕ ਭਾਈ ਸਾਹਿਬ ਭਾਈ ਤਾਰੂ ਸਿੰਘ ਜੀ ਸ਼ਹੀਦ ਬਾਰੇ ਵਿਚਾਰ ਕਰਦੇ ਹਾਂ ਜਿਨ੍ਹਾਂ ਆਪਣੀ ਖੋਪੜੀ ਲੁਹਾਈ ਸੀ।

ਭਾਈ ਤਾਰੂ ਸਿੰਘ ਜੀ ਦਾ ਜਨਮ ਪਿਤਾ ਭਾਈ ਜੋਧ ਸਿੰਘ ਦੇ ਘਰ ਮਾਤਾ ਸ੍ਰੀ ਮਤੀ ਧਰਮ ਕੌਰ ਦੀ ਕੁੱਖੋਂ 1720 ਨੂੰ ਪਿੰਡ ਪੂਹਲਾ, ਜਿਹੜਾ ਅਣਵੰਡੇ ਪੰਜਾਬ ਦੇ ਲਾਹੌਰ ਜਿਲੇ ਵਿੱਚ ਸੀ ਅਤੇ ਅੱਜਕਲ੍ਹ ਜਿਲਾ ਅੰਮ੍ਰਿਤਸਰ ਵਿਚ ਹੈ, ਵਿਖੇ ਹੋਇਆ। ਮੱਸੇ ਰੰਘੜ ਨੂੰ ਉਸਦੇ ਕੁਕਰਮਾਂ ਦੀ ਸਜਾ ਵਜੋਂ ਉਸਦਾ ਸਿਰ ਵੱਢ ਕੇ ਲਿਆਉਣ ਵਾਲੇ ਭਾਈ ਸਾਹਿਬ ਭਾਈ ਮਹਿਤਾਬ ਸਿੰਘ ਜੀ ਆਪ ਜੀ ਦੇ ਦਾਦਾ ਜੀ ਸਨ। ਅਤੇ ਕਰੋੜੀ ਮਿਸਲ ਦੇ ਮੁਖੀ ਜੱਥੇਦਾਰ ਸ਼ਾਮ ਸਿੰਘ ਜੀ ਆਪ ਜੀ ਦੇ ਨਾਨਾ ਜੀਂ ਸਨ। ਇਸ ਤਰਾਂ ਗੁਰਸਿੱਖੀ ਆਪ ਜੀ ਨੂੰ ਵਿਰਸੇ ਵਿੱਚ ਹੀ ਮਿਲੀ ਸੀ ਜਿਸ ਵਿਚ ਬਾਣੀ ਅਤੇ ਨਾਮ ਸਿਮਰਨ ਦੇ ਨਾਲ ਨਾਲ ਖਾਲਸੇ ਦਾ ਜੰਗਜੂ ਸੁਭਾਅ ਵੀ ਆਪ ਜੀ ਦੇ ਖ਼ੂਨ ਵਿਚ ਸ਼ੁਰੂ ਤੋਂ ਹੀ ਸੀ। ਆਪ ਜੀ ਦੇ ਪਿਤਾ ਜੀ ਖੇਤੀਬਾੜੀ ਦਾ ਕੰਮ ਕਰਦੇ ਸਨ, ਜਿਸ ਨੂੰ ਤਾਰੂ ਸਿੰਘ ਜੀ ਨੇ ਵੀ ਅਪਣਾ ਲਿਆ ਅਤੇ ਪੂਰੀ ਜੀਅ ਜਾਨ ਨਾਲ , ਮਿਹਨਤ ਨਾਲ ਖੇਤੀ ਕਰਦੇ। ਨਾਲ ਭਜਨ ਬੰਦਗੀ ਵੀ ਕਰਦੇ ਅਤੇ ਹਰ ਲੋੜਬੰਦ ਦੀ ਆਪਣੇ ਵਿਤ ਅਨੁਸਾਰ ਮੱਦਦ ਵੀ ਕਰਦੇ। ਆਪ ਜੀ ਦੀ ਮਾਤਾ ਜੀ ਨੇ ਗੁਰਸਿੱਖੀ ਦੀ ਭਾਵਨਾ ਆਪ ਵਿੱਚ ਸਿਦਕ ਅਤੇ ਪ੍ਰੇਮ ਨਾਲ ਪੈਦਾ ਕੀਤੀ ਹੋਈ ਸੀ। ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੀ ਜੱਥੇਦਾਰੀ ਵਾਲੇ ਜੱਥੇ ਤੋਂ ਆਪ ਜੀ ਨੇ ਖੰਡੇ ਦੀ ਪਾਹੁਲ ਲਈ ਸੀ। ਪਰਿਵਾਰ ਵਿਚ ਆਪ ਜੀ ਦੇ ਮਾਤਾ ਜੀ ਤੋਂ ਬਿਨਾਂ ਇੱਕ ਆਪ ਜੀ ਦੀ ਭੈਣ ਤਾਰੋ ਰਹਿੰਦੀ ਸੀ, ਜਿਸ ਦੇ ਪਤੀ ਦੀ ਮੌਤ ਹੋਣ ਤੋਂ ਬਾਅਦ ਉਹ ਪੇਕੇ ਘਰ ਹੀ ਰਹਿ ਰਹੀ ਸੀ। ਇਹ ਤਿੰਨੋਂ ਸਿੱਖੀ ਦੇ ਰੰਗ ਵਿਚ ਰੰਗੇ ਹੋਏ ਸੇਵਾ ਅਤੇ ਸਿਮਰਨ ਦੀ ਅਨੂਠੀ ਮਿਸਾਲ ਸਨ। ਲਾਹੌਰ ਤੋਂ ਪੱਟੀ ਨੂੰ ਜਾਣ ਵਾਲੀ ਸੜਕ ਤੇ ਹੀ ਪਿੰਡ ਪੂਹਲਾ ਪੈਂਦਾ ਹੈ, ਇਸ ਰਸਤੇ ਜਾਣ ਵਾਲੇ ਯਾਤਰੀ ਦੇਰ ਸਵੇਰ ਹੋਣ ਤੇ ਭਾਈ ਤਾਰੂ ਸਿੰਘ ਜੀ ਕੋਲ ਅਰਾਮ ਕਰਦੇ ਸਨ ਜਿੱਥੇ ਉਹਨਾਂ ਨੂੰ ਭਾਈ ਸਾਹਿਬ ਜੀ ਬਿਨਾਂ ਕੋਈ ਭਿੰਨ ਭਾਵ ਕੀਤੇ ਹਰ ਇਕ ਨੂੰ ਲੰਗਰ ਵੀ ਛਕਾਉਂਦੇ, ਅਤੇ ਮੰਜਾ ਬਿਸਤਰਾ ਬਗੈਰਾ ਵੀ ਦਿੰਦੇ ਸਨ। ਭਾਈ ਸਾਹਿਬ ਦਾ ਇਲਾਕੇ ਵਿਚ ਵਧੀਆ ਸਤਿਕਾਰ ਅਤੇ ਪ੍ਰਭਾਵ ਬਣਿਆ ਹੋਇਆ ਸੀ।......

716 ਈਸਵੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਅਸਹਿ ਕਸ਼ਟ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਜ਼ਕਰੀਆ ਖਾਂ ਵਲੋਂ ਸਿੱਖਾਂ ਤੇ ਜ਼ੁਲਮ ਹੋਰ ਵੀ ਵਧਾ ਦਿੱਤੇ ਗਏ ਸਨ। ਮੱਸੇ ਰੰਘੜ ਦੇ ਸਿਰ ਵੱਢੇ ਜਾਣ ਤੇ ਗੁੱਸੇ ਨਾਲ ਭਰਿਆ ਹੋਇਆ ਜ਼ਕਰੀਆ ਖਾਂ ਸਿੱਖਾਂ ਦਾ ਨਾਮ ਨਿਸ਼ਾਨ ਹੀ ਖਤਮ ਕਰ ਦੇਣਾ ਚਾਹੁੰਦਾ ਸੀ। ਇਸ ਲਈ ਉਸ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਸਨ । ਅਜਿਹੇ ਸਮੇ ਸਿੰਘ ਜੰਗਲਾਂ ਵਿਚ ਜਾ ਰਹਿਣ ਲੱਗੇ ਸਨ। ਅਤੇ ਵਕਤ ਮਿਲੇ ਤੋਂ ਦਰਬਾਰ ਸਾਹਿਬ ਮੱਥਾ ਟੇਕ ਜਾਂਦੇ ਅਤੇ ਸਮਾਂ ਦੇਖ ਕੇ ਗੁਰੀਲਾ ਢੰਗ ਨਾਲ ਜੰਗ ਵੀ ਜਾਰੀ ਰੱਖ ਰਹੇ ਸਨ। ਪਰ ਖਾਲਸਾ ਜਥੇਬੰਦ ਨਹੀਂ ਸੀ। ਭਾਈ ਤਾਰੂ ਸਿੰਘ ਦੇ ਪਰਿਵਾਰ ਵਲੋਂ ਜੰਗਲ ਵਿਚ ਛੁਪੇ ਇਹਨਾਂ ਸਿੰਘਾਂ ਲਈ ਲੰਗਰ ਦੀ ਸੇਵਾ ਬਾਕਾਇਦਾ ਕੀਤੀ ਜਾਂਦੀ ਸੀ। ਲੰਗਰ ਅਤੇ ਹੋਰ ਸਮਾਨ ਜਿਵੇਂ ਬਸਤਰ ਆਦਿ ਬਹੁਤੀ ਵਾਰੀ ਭਾਈ ਤਾਰੂ ਸਿੰਘ ਜੀ ਪੁਚਾ ਕੇ ਆਉਂਦੇ। ਆਪਣੇ ਮਿੱਠੇ ਸੁਭਾਅ, ਬਾਣੀ ਦੇ ਪ੍ਰੇਮੀ ਹੋਣ ਕਰਕੇ, ਇਮਾਨਦਾਰੀ , ਮਿਹਨਤੀ ਅਤੇ ਹਰੇਕ ਦੇ ਕੰਮ ਆਉਣ ਦੀ ਬਿਰਤੀ ਕਾਰਨ ਭਾਈ ਤਾਰੂ ਸਿੰਘ ਜੀ ਦਾ ਸਾਰੇ ਨਗਰ ਨਿਵਾਸੀ ਪੂਰਾ ਸਤਿਕਾਰ ਕਰਦੇ ਸਨ ।

ਸਿੱਖ ਇਸ ਸਮੇਂ ਇਤਿਹਾਸ ਦੇ ਕਿਸ ਮੋੜ ਤੋਂ ਲੰਘ ਰਹੇ ਸਨ, ਇਹ ਜਾਨਣ ਲਈ ਵਿਦਵਾਨ ਭਾਈ ਸਾਹਿਬ ਭਾਈ ਜਗਤਾਰ ਸਿੰਘ ਜੀ ਜਾਚਕ ਦੀ ਪੇਸ਼ ਕੀਤੀ ਸਮੇਂ ਦੀ ਵੰਡ ਨੂੰ ਵਿਚਾਰਨਾ ਜਰੂਰੀ ਹੈ। ਜਾਚਕ ਜੀਂ ਨੇ ਸਿੱਖ ਇਤਿਹਾਸ ਨੂੰ ਸਮੇਂ ਅਨੁਸਾਰ ਕੁਝ ਯੁੱਗਾਂ ਵਿਚ ਵੰਡਿਆ ਹੈ , ਜੋ ਇਸ ਤਰਾਂ ਹਨ---

੧.ਗੁਰਬਾਣੀ ਯੁੱਗ --1469 ਤੋਂ 1606 ਈਸਵੀ ਤੱਕ
੨.ਕੁਰਬਾਨੀ ਯੁੱਗ - 1606 ਤੋਂ 1708 ਈਸਵੀ ਤੱਕ
੩.ਪ੍ਰੀਖਿਆ ਯੁੱਗ - 1708 ਤੋਂ 1748 ਈਸਵੀ ਤੱਕ
੪.ਚੜ੍ਹਦੀ ਕਲਾ ਯੁੱਗ - 1748 ਤੋਂ 1765 ਈਸਵੀ ਤੱਕ
੫.ਸਰਦਾਰੀ ਯੁੱਗ - 1765 ਤੋਂ 1799 ਈਸਵੀ ਤੱਕ
੬.ਰਾਜ ਭਾਗ ਯੁੱਗ - 1799 ਤੋਂ 1849 ਈਸਵੀ ਤੱਕ
੭.ਪੁਨਰ-ਜਾਗ੍ਰਿਤੀ ਯੁੱਗ - 1849 ਤੋਂ 1910 ਈਸਵੀ ਤੱਕ
੮ ਇਨਕਲਾਬੀ ਯੁੱਗ -1910 ਤੋਂ 1925 ਈਸਵੀ ਤੱਕ
੯.ਸਵਰਾਜ ਯੁੱਗ - 1925 ਤੋਂ 1984 ਈਸਵੀ ਤੱਕ
੧੦.ਪੁਨਰ ਆਜ਼ਾਦੀ ਸੰਘਰਸ਼ ਯੁੱਗ -1984 ਤੋਂ ਹੁਣ ਤੱਕ

ਉਪਰੋਕਤ ਵੰਡ ਅਨੁਸਾਰ ਭਾਈ ਤਾਰੂ ਸਿੰਘ ਜੀ ਦਾ ਸਮਾਂ ਪ੍ਰੀਖਿਆ ਯੁੱਗ ਦਾ ਸੀ। ਉਹਨਾਂ ਦੀ ਬੜੀ ਕਰੜੀ ਪ੍ਰੀਖਿਆ ਹੋਈ ਸੀ, ਜਿਸ ਵਿਚੋਂ ਉਹ ਪੂਰੇ ਸਫਲ ਹੋ ਕੇ ਨਿਕਲੇ ਸਨ ।ਪ੍ਰੀਖਿਆ ਦੀ ਸ਼ੁਰੂਆਤ ਆਪਣੇ ਹੀ ਗੱਦਾਰਾਂ ਵਲੋਂ ਕੀਤੀ ਗਈ ਸੀ। ਜੰਡਿਆਲੇ ਦੇ ਹਰਿਭਗਤ ਨਿਰੰਜਨੀਏ ਦੀ ਮੁਖਬਰੀ ਕਰਕੇ ਭਾਈ ਤਾਰੂ ਸਿੰਘ ਜੀ ਨੂੰ ਬਾਗੀਆਂ ਦੀ ਮੱਦਦ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਭਾਈ ਸਾਹਿਬ ਨੂੰ ਬੇਅੰਤ ਤਸੀਹੇ ਦਿੱਤੇ ਗਏ। ਆਪ ਨੂੰ ਇਸਲਾਮ ਧਾਰਨ ਕਰ ਲੈਣ ਲਈ ਬਹੁਤ ਸਾਰੇ ਲਾਲਚ ਵੀ ਦਿੱਤੇ ਗਏ ਅਤੇ ਜਾਨੋ ਮਾਰਨ ਦੇ ਡਰਾਵੇ ਵੀ ਦਿੱਤੇ ਗਏ। ਪਰ ਗੁਰੂ ਦੇ ਨਾਮ ਵਿੱਚ ਰੰਗੇ ਉਹ ਬਿਲਕੁਲ ਨਹੀਂ ਡੋਲੇ। ਭਾਈ ਸੰਤੋਖ ਸਿੰਘ ਜੀ ਉਸ ਬਾਰੇ ਲਿਖਦੇ ਹਨ--
ਜਿਮ ਜਿਮ ਸਿੰਘਨ ਤੁਰਕ ਸਤਾਵੈ ।
ਤਿਮ ਤਿਮ ਮੁੱਖ ਪਰ ਲਾਲੀ ਆਵੈ ।.....(ਗੁਰਪ੍ਰਤਾਪ ਸੂਰਜ ਗ੍ਰੰਥ)

ਕਿਹਾ ਜਾਂਦਾ ਏ ਕਿ ਪਹਿਲਾਂ ਭਾਈ ਸਾਹਿਬ ਦੇ ਕੇਸ ਕਤਲ ਕਰਨ ਦਾ ਹੁਕਮ ਦਿੱਤਾ ਸੀ, ਪਰ ਭਾਈ ਤਾਰੂ ਸਿੰਘ ਜੀ ਨੇ ਕਿਹਾ ਕਿ ਮੇਰੀ ਜਾਨ ਬੇਸ਼ੱਕ ਲੈ ਲਵੋ, ਪਰ ਕੇਸ ਕਤਲ ਨਾ ਕੀਤੇ ਜਾਣ ਅਤੇ ਭਾਈ ਸਾਹਿਬ ਨੇ ਸਿੱਖੀ ਕੇਸਾਂ ਸੰਗ ਨਿਭਣ ਦੀ ਅਰਦਾਸ ਕੀਤੀ। ਜ਼ਕਰੀਏ ਨੂੰ ਹੋਰ ਗੁੱਸਾ ਆਇਆ ਅਤੇ ਉਸਨੇ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰਨ ਦਾ ਹੁਕਮ ਦਿੱਤਾ ਅਤੇ ਕਿਹਾ ਕਿ ਜਿਨ੍ਹਾਂ ਕੇਸਾਂ ਤੇ ਇਹ ਮਾਣ ਕਰਦਾ ਏ , ਉਨ੍ਹਾਂ ਨੂੰ ਇਸ ਢੰਗ ਨਾਲ ਜੜ੍ਹ ਤੋਂ ਹੀ ਉਤਾਰ ਦੇਵੋ ਕਿ ਮੁੜ ਕੇਸ ਆਉਣ ਹੀ ਨਾ । ਭਾਈ ਸਾਹਿਬ ਦੇ ਰੰਬੀ ਨਾਲ ਖੋਪਰੀ ਉਤਾਰੀ ਗਈ। ਭਾਈ ਸਾਹਿਬ ਬਾਣੀ ਦਾ ਜਾਪ ਕਰਦੇ ਰਹੇ। ਕਿਸੇ ਕਵੀ ਦੀ ਕਲਮ ਨੇ ਬਹੁਤ ਵਧੀਆ ਬਿਆਨਿਆ ਹੈ -
ਰੰਬੀ ਨਾਲ ਖੋਪੜ ਲਹਿੰਦੇ ਤੋਂ ਭਾਈ ਤਾਰੂ ਸਿੰਘ ਫ਼ਰਮਾਵੇ ॥
ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ ॥

ਸਚਮੁੱਚ ਅਜਿਹਾ ਸਿਦਕ ਸਦੀਆਂ ਤੱਕ ਆਉਣ ਵਾਲੀਆ ਪੀੜ੍ਹੀਆਂ ਨੂੰ ਪ੍ਰੇਰਨਾ ਦੇਣ ਦੇ ਕਾਬਲ ਹੈ।

ਖੋਪਰੀ ਉਤਾਰਨ ਤੋਂ ਬਾਅਦ ਕਾਵਾਂ ਅਤੇ ਗਿਰਝਾਂ ਦੇ ਖਾਣ ਲਈ ਉਨ੍ਹਾਂ ਨੂੰ ਇਕ ਖਾਈ ਵਿੱਚ ਸੁੱਟ ਦਿੱਤਾ ਗਿਆ। ਪਤਾ ਲੱਗਣ ਤੇ ਲਾਹੌਰ ਦੇ ਸਿੱਖਾਂ ਨੇ ਕਿਸੇ ਤਰਾਂ ਸਰਕਾਰੀ ਆਗਿਆ ਲੈ ਕੇ ਉਨ੍ਹਾਂ ਨੂੰ ਧਰਮਸ਼ਾਲਾ ਵਿੱਚ ਲੈ ਆਂਦਾ । ਉਨ੍ਹਾਂ ਦੇ ਜਖਮਾਂ ਨੂੰ ਨਿੰਮ ਦੇ ਪਾਣੀ ਨਾਲ ਸਾਫ਼ ਕੀਤਾ ਗਿਆ। ਫਿਰ ਹਲਦੀ ਦਾ ਲੇਪਨ ਕੀਤਾ ਗਿਆ ਅਤੇ ਕੜਾਹ ਬੰਨ੍ਹਿਆ ਗਿਆ। ਹੌਲੀ ਹੌਲੀ ਜਖਮ ਠੀਕ ਹੋਣ ਲੱਗੇ ਅਤੇ 3-4 ਦਿਨ ਪਿੱਛੋਂ ਭਾਈ ਸਾਹਿਬ ਨੂੰ ਹੋਸ਼ ਆਈ ।

ਇਸੇ ਸਮੇ ਜਿਕਰ ਆਉਂਦਾ ਹੈ ਕਿ ਜ਼ਕਰੀਆ ਖਾਂ ਦਾ ਪਿਸ਼ਾਬ ਬੰਦ ਹੋ ਗਿਆ ਅਤੇ ਕਿਸੇ ਵੀ ਹਕੀਮ ਤੋਂ ਠੀਕ ਨਾ ਹੋਇਆ। ਕਿਸੇ ਦਰਬਾਰੀ ਨੇ ਕਹਿ ਦਿੱਤਾ ਕਿ ਤੁਸੀਂ ਗੁਰੂ ਕੇ ਸਿੰਘ ਤੇ ਜ਼ੁਲਮ ਕੀਤਾ ਹੈ, ਇਹ ਉਸਦੀ ਸਜਾ ਹੈ। ਜ਼ਕਰੀਆ ਖਾਂ ਨੇ ਮੁਆਫੀ ਭਰੀ ਬੇਨਤੀ ਤਾਰੂ ਸਿੰਘ ਜੀ ਕੋਲ ਭੇਜੀ। ਅਤੇ ਆਪਣੀ ਸਮੱਸਿਆ ਦਾ ਹੱਲ ਪੁੱਛਿਆ। ਜਿਕਰ ਹੈ ਕਿ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਨਵਾਬ ਦੇ ਸਿਰ ਵਿੱਚ ਮਾਰੇ ਜਾਣ ਤੇ ਉਸਦਾ ਪਿਸ਼ਾਬ ਖੁੱਲਿਆ । ਭਾਈ ਸਾਹਿਬ ਜੀ ਨੂੰ ਪਤਾ ਲੱਗਿਆ, ਉਨ੍ਹਾਂ ਕਿਹਾ ਕਿ ਹੁਣ ਸਾਡਾ ਵਕਤ ਵੀ ਆ ਗਿਆ ਹੈ। ਇਸ ਤਰਾਂ ਖੋਪੜੀ ਉਤਾਰੇ ਜਾਣ ਦੇ 22 ਦਿਨ ਬਾਅਦ 1 ਜੁਲਾਈ 1745 ਨੂੰ ਭਾਈ ਸਾਹਿਬ ਨੇ ਆਪਣਾ ਸਰੀਰ ਤਿਆਗ ਦਿੱਤਾ। ਸ਼ਹੀਦੀ ਸਮੇਂ ਆਪ ਜੀ ਦੀ ਉਮਰ ਸਿਰਫ 25 ਸਾਲ ਸੀ । ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਸ਼ਹੀਦੀ ਅਸਥਾਨ ਭਾਈ ਤਾਰੂ ਸਿੰਘ ਜੀ, ਨੌਲੱਖਾ ਬਜ਼ਾਰ, ਲਾਹੌਰ ਵਿਚ ,ਸ਼ਹੀਦ ਗੰਜ ਮਸਜਿਦ ਦੀ ਗਰਾਊਂਡ ਤੇ ਬਣਿਆ ਹੋਇਆ ਹੈ।

ਨੋਬਲ ਇਨਾਮ ਪ੍ਰਾਪਤ ਸੰਤ ਕਵੀ ਰਾਬਿੰਦਰ ਨਾਥ ਟੈਗੋਰ ਨੇ ਭਾਈ ਸਾਹਿਬ ਜੀ ਤੇ ਇੱਕ ਖ਼ੂਬਸੂਰਤ ਕਵਿਤਾ ਲਿਖੀ ਹੈ , ਜਿਸ ਨੂੰ ਸੁਰਜੀਤ ਪਾਤਰ ਜੀਂ ਨੇ ਪੰਜਾਬੀ ਵਿਚ ਅਨੁਵਾਦ ਕੀਤਾ ਹੈ। ਛੋਟੀ ਜਿਹੀ ਇਹ ਕਵਿਤਾ , ਇਸ ਮਹਾਨ ਸ਼ਹੀਦ ਪ੍ਰਤੀ ਕਵੀ ਦੀ ਸ਼ਰਧਾ ਅਤੇ ਸਤਿਕਾਰ ਪ੍ਰਗਟ ਕਰਦੀ ਹੈ ।

÷ਮੈਨੂੰ ਤੇਰੀ ਭਰੀ ਜਵਾਨੀ ਤੇ ਰਹਿਮ ਆਉਂਦਾ ਹੈ ।
ਜਾਹ ਮਾਏ ਬਖਸ਼ਦਾ ਹਾਂ ਤੇਰੀ ਜਾਨ ।
ਬਸ ਇਸ ਦੇ ਇਵਜ਼ ਵਿਚ ਮੈਨੂੰ ਤੂੰ ਇਕ ਤੋਹਫ਼ਾ ਦੇ ਜਾ ਜਾਣ ਲੱਗਿਆ
ਤੋਹਫ਼ਾ ਦੇ ਜਾ ਆਪਣੇ ਖੂਬਸੂਰਤ ਲੰਮੇ ਵਾਲ ।÷
÷ ਮਨਜ਼ੂਰ ਹੈ ਬਾਦਸ਼ਾਹ÷ -ਭਾਈ ਤਾਰੂ ਸਿੰਘ ਨੇ ਕਿਹਾ
÷ਤੂੰ ਵੀ ਕੀ ਕਰੇਂਗਾ ਯਾਦ
ਕਿਸੇ ਸਿੱਖ ਕੋਲੋਂ ਕੁੱਝ ਮੰਗਿਆ ਸੀ
ਦੇ ਜਾਵਾਂਗਾ ਤੈਨੂੰ ਆਪਣੇ ਸੋਹਣੇ ਲੰਮੇ ਵਾਲ
ਪਰ ਇੱਕਲੇ ਵਾਲ ਨਹੀਂ
ਆਪਣਾ ਸਿਰ ਵੀ ਦੇ ਜਾਵਾਂਗਾ ਨਾਲ ।

ਅੱਜ ਜਦੋਂ ਨੌਜਵਾਨ ਨਾਈ ਦੀ ਦੁਕਾਨ ਤੇ ਜਾ ਕੇ ਆਪ ਕੇਸ ਕਟਵਾਉਂਦੇ ਦੇਖੀਦਾ ਹੈ, ਤਾਂ ਬਹੁਤ ਦੁੱਖ ਲੱਗਦਾ ਹੈ। ਇਸ ਵਿਚ ਸਿਰਫ ਉਨ੍ਹਾਂ ਨੌਜਵਾਨਾਂ ਦਾ ਹੀ ਕਸੂਰ ਨਹੀਂ ਹੈ, ਸਗੋਂ ਅਸੀਂ ਸਾਰੇ ਮਾਪੇ, ਅਧਿਆਪਕ, ਸਾਡੇ ਸਿੱਖ ਪ੍ਰਚਾਰਕ ਸਾਰੇ ਦੇ ਸਾਰੇ ਬਰਾਬਰ ਦੇ ਕਸੂਰਵਾਰ ਹਾਂ ਜਿਹੜੇ ਇਹਨਾਂ ਨੌਜਵਾਨਾਂ ਦੇ ਮਨ ਵਿਚ ਕੇਸਾਂ ਦੀ ਮਹੱਤਤਾ ਨਹੀਂ ਭਰ ਸਕੇ। ਕਿਉਂ ਸਾਡੇ ਬੱਚੇ ਅਤੇ ਨੌਜਵਾਨ ਗੁਰੂਆਂ, ਸਾਹਿਬਜ਼ਾਦਿਆਂ, ਅਤੇ ਇਹਨਾਂ ਸਿੰਘਾਂ ਦੀ ਥਾਂ ਤੇ ਫ਼ਿਲਮੀ ਕਲਾਕਾਰਾਂ ਨੂੰ ਆਪਣਾ ਰੋਲ ਮਾਡਲ ਬਣਾਉਣ ਲੱਗ ਗਏ ਹਨ ???? ਕਿਉਂ ,ਕਿਉਂ ਆਖਰ ਕਿਉਂ ????ਅਜਿਹੇ ਸ਼ਹੀਦੀ ਸਾਕੇ ਪੜ੍ਹ ਸੁਣ ਕੇ ਕਿਉਂ ਨਹੀਂ ਸਿੱਖੀ ਪ੍ਰਤੀ ਪ੍ਰੇਮ ਜਾਗੇਗਾ ?? ਅਸੀਂ ਪਿਆਰ ਨਾਲ ਗੁਰੂ ਦੀ, ਸਿੱਖੀ ਦੀ ਗੱਲ ਸੁਣਾਉਣ ਤਾਂ ਲੱਗੀਏ। ਵਾਹਿਗੁਰੂ ਜੀ ਮਿਹਰ ਕਰਨ॥

# ਅਮਰੀਕਾ ਵਿੱਚ ਬੰਦੂਕ ਸੱਭਿਆਚਾਰ ਪਾਲਿਸੀ ਹਿੰਸਕ ਘਟਨਾਵਾਂ ਦੀ ਜ਼ਿੰਮੇਵਾਰ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਸੰਸਾਰ ਵਿੱਚ ਸ਼ਾਂਤੀ ਸਥਾਪਤ ਕਰਨ ਦੇ ਦਮਗਜ਼ੇ ਮਾਰਨ ਵਾਲਾ ਅਮਰੀਕਾ ਆਪਣੇ ਦੇਸ਼ ਵਿੱਚ ਹੋ ਰਹੀਆਂ ਹਿੰਸਕ ਕਾਰਵਾਈਆਂ 'ਤੇ ਕਾਬੂ ਪਾਉਣ ਵਿੱਚ ਅਸਮਰੱਥ ਸਾਬਤ ਹੋ ਰਿਹਾ ਹੈ। ਅਮਰੀਕਾ ਨੂੰ ਦੁਨੀਆਂ ਦਾ ਸਭ ਤੋਂ ਜ਼ਿਆਦਾ ਵਿਕਸਤ ਤੇ ਖ਼ੁਸ਼ਹਾਲ ਦੇਸ਼ ਕਿਹਾ ਜਾਂਦਾ ਹੈ। ਪ੍ਰੰਤੂ ਮਹਿੰਗਾਈ ਅਤੇ ਬੇਰੋਜ਼ਗਾਰੀ ਨੇ ਲੋਕਾਂ ਦੇ ਨੱਕ ਵਿੱਚ ਦਮ ਲਿਆਂਦਾ ਪਿਆ ਹੈ। ਨੌਜਵਾਨ ਬੇਰੋਜ਼ਗਾਰੀ ਕਰਕੇ ਮਾਨਸਿਕ ਤਣਾਓ ਵਿੱਚ ਹਨ। ਇਸ ਕਰਕੇ ਉਥੋਂ ਦੇ ਸ਼ਹਿਰੀਆਂ ਵਿੱਚ ਅਸੰਤੁਸ਼ਟਤਾ ਹੈ। ਉਸ ਅਸੰਤੁਸ਼ਟਤਾ ਦੇ ਨਤੀਜੇ ਤੁਹਾਡੇ ਸਾਹਮਣੇ ਹਨ। ਤਾਜ਼ਾ ਘਟਨਾਕ੍ਰਮ ਵਿੱਚ ਰਿਪਬਕਲਿਕਨ ਪਾਰਟੀ ਦੇ ਰਾਸ਼ਟਰਪਤੀ ਦੇ ਉਮੀਦਵਾਰ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਜੇ ਟਰੰਪ 'ਤੇ ਕਾਤਲਾਨਾ ਹਮਲਾ ਹੈ। ਡੋਨਾਲਡ ਜੇ ਟਰੰਪ ਨੂੰ ਘਾਗ ਅਤੇ ਦਬੰਗ ਸਿਆਸਤਦਾਨ ਕਿਹਾ ਜਾਂਦਾ ਹੈ। ਉਹ 8 ਨਵੰਬਰ 2016 ਨੂੰ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਚੁਣੇ ਗਏ ਸਨ। ਨਵੰਬਰ 2020 ਵਿੱਚ ਉਹ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜੋ ਬਾਇਡਨ ਤੋਂ ਚੋਣ ਹਾਰ ਗਏ ਸਨ। ਚੋਣ ਹਾਰਨ ਤੋਂ ਬਾਅਦ ਉਨ੍ਹਾਂ ਨੇ ਜ਼ਬਰਦਸਤ ਇਕੱਠ ਕਰਕੇ ਜੋ ਬਾਇਡਨ ਦੀ ਚੋਣ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇਥੋਂ ਤੱਕ ਕਿ ਜ਼ਬਰਦਸਤੀ ਦਫ਼ਤਰ ਵਿੱਚ ਵੜ੍ਹਨ ਦੀ ਕੋਸ਼ਿਸ਼ ਕੀਤੀ ਸੀ। ਅਮਰੀਕਾ ਦੇ ਕਾਨੂੰਨ ਬੰਦੂਕ ਸਭਿਆਚਾਰ ਨੂੰ ਉਤਸ਼ਾਹਤ ਕਰਦੇ ਹਨ, ਜਿਸ ਕਰਕੇ ਅਮਰੀਕਾ ਵਿੱਚ ਹਿੰਸਕ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਦੇਸ਼ ਦੇ 51 ਰਾਜਾਂ ਵਿੱਚੋਂ ਹਰ ਰੋਜ਼ ਹਿੰਸਕ ਘਟਨਾਵਾਂ ਦੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੀਆ ਹਨ। ਸੰਸਾਰ ਵਿੱਚ ਜਿਤਨੀਆਂ ਵੀ ਦੇਸ਼ਾਂ ਦੀਆਂ ਆਪਸ ਵਿੱਚ ਖਹਿਭਜ਼ੀ ਕਰਕੇ ਜੰਗਾਂ ਹੁੰਦੀਆਂ ਹਨ ਤਾਂ ਅਮਰੀਕਾ ਇੱਕ ਪਾਸੇ ਖੜ੍ਹ ਜਾਂਦਾ ਹੈ। ਕਈ ਵਾਰ ਤਾਂ ਵੀਟੋ ਵਰਤਕੇ ਆਪਣੀ ਮਨਮਾਨੀ ਕਰਦਾ ਹੈ। ਪ੍ਰੰਤੂ ਆਪਣਾ ਦੇਸ਼ ਸੰਭਾਲ ਨਹੀਂ ਸਕਦਾ। ਇਥੋਂ ਦੇ ਨਾਗਰਿਕਾਂ ਨੂੰ ਦੇਸ਼ ਦੇ ਕਾਨੂੰਨਾ ਦਾ ਪਾਲਣਾ ਕਰਨ ਵਾਲੇ ਕਿਹਾ ਜਾਂਦਾ ਹੈ ਪ੍ਰੰਤੂ ਅਮਰੀਕਾ ਵਿੱਚ ਨਸਲੀ ਵਿਤਕਰਿਆਂ ਵਿੱਚ ਵੀ ਵਾਧਾ ਹੋ ਰਿਹਾ ਹੈ, ਜਿਸ ਦਾ ਸੇਕ ਪੰਜਾਬੀਆਂ ਖਾਸ ਤੌਰ 'ਤੇ ਸਿੱਖਾਂ ਨੂੰ ਭੁਗਤਣਾ ਪੈ ਰਿਹਾ ਹੈ।

ਡੋਨਾਲਡ ਜੇ ਟਰੰਪ ਤੋਂ ਪਹਿਲਾਂ ਅਮਰੀਕਾ ਦੇ 11 ਰਾਸ਼ਟਰਪਤੀਆਂ 'ਤੇ ਕਾਤਲਾਨਾ ਹਮਲੇ ਹੋ ਚੁੱਕੇ ਹਨ। ਡੋਨਾਲਡ ਜੇ ਟਰੰਪ 12ਵੇਂ ਰਾਸ਼ਟਰਪਤੀ ਹਨ, ਜਿਨ੍ਹਾਂ 'ਤੇ ਕਾਤਲਾਨਾ ਹਮਲਾ ਹੋਇਆ ਹੈ। ਅਮਰੀਕਾ ਦੇ ਕਾਨੂੰਨ ਅਨੁਸਾਰ ਕੋਈ ਵੀ ਵਿਅਕਤੀ ਬੰਦੂਕ ਖ੍ਰੀਦ ਸਕਦਾ ਹੈ, ਉਸ ਨੂੰ ਕੋਈ ਲਾਈਸੈਂਸ ਬਗੈਰਾ ਲੈਣ ਦੀ ਲੋੜ ਨਹੀਂ ਅਤੇ ਨਾ ਹੀ ਕੋਈ ਉਸ ਦੇ ਚਰਿਤਰ ਦੀ ਪੁਲਿਸ ਵੈਰੀਫੀਕੇਸ਼ਨ ਦੀ ਲੋੜ ਹੁੰਦੀ ਹੈ। ਬੱਚੇ ਵੀ ਬੰਦੂਕ ਖ੍ਰੀਦ ਸਕਦੇ ਹਨ। ਘਰਾਂ ਦੇ ਡਰਾਇੰਗ ਰੂਮਜ਼ ਵਿੱਚ ਬੰਦੂਕਾਂ ਲਟਕਦੀਆਂ ਰਹਿੰਦੀਆਂ ਹਨ। ਇਸ ਕਰਕੇ ਹੀ ਲਗਪਗ ਹਰ ਰੋਜ਼ ਕਿਸੇ ਨਾ ਕਿਸੇ ਰਾਜ ਵਿੱਚ ਹਿੰਸਕ ਘਟਨਾਵਾਂ ਲਗਾਤਾਰ ਹੋ ਰਹੀਆਂ ਹਨ। ਵਾਸ਼ਿੰਗਟਨ ਦੇ ਬਰਮਿੰਗਮ ਸ਼ਹਿਰ ਵਿੱਚ ਜਿਸ ਦਿਨ ਡੋਨਾਲਡ ਜੇ ਟਰੰਪ ਤੇ ਹਮਲਾ ਹੋਇਆ, ਉਸੇ ਦਿਨ ਨਾਈਟ ਕਲੱਬ ਵਿੱਚ 4 ਵਿਅਕਤੀ ਅਤੇ ਇਕ ਹੋਰ ਥਾਂ ਤਿੰਨ ਵਿੱਅਕਤੀ ਕੁਲ 7 ਲੋਕ ਵੱਖ ਵੱਖ ਹਮਲਿਆਂ ਵਿੱਚ ਮਾਰੇ ਗਏ ਹਨ। ਇਥੋਂ ਤੱਕ ਕਿ ਸਕੂਲਾਂ ਦੇ ਵਿਦਿਆਰਥੀ ਆਪਣੇ ਅਧਿਆਪਕਾਂ ਅਤੇ ਸਾਥੀਆਂ ਨੂੰ ਸਕੂਲਾਂ ਵਿੱਚ ਗੋਲੀਆਂ ਮਾਰ ਕੇ ਕਤਲ ਕਰ ਦਿੰਦੇ ਹਨ। ਵਿਦਿਆਰਥੀ ਸਕੂਲਾਂ ਵਿੱਚ ਖਿਡੌਣਿਆਂ ਦੀ ਤਰ੍ਹਾਂ ਬੰਦੂਕਾਂ ਆਮ ਲਈ ਫਿਰਦੇ ਹਨ। ਬੱਚਿਆਂ ਦੇ ਜਨਮ ਦਿਨ ਉਤੇ ਉਨ੍ਹਾਂ ਦੇ ਮਾਪੇ ਅਤੇ ਹੋਰ ਰਿਸ਼ਤੇਦਾਰ ਬੰਦੂਕਾਂ ਤੋਹਫ਼ੇ ਵਜੋਂ ਦਿੰਦੇ ਹਨ। 2019 ਵਿੱਚ ਜਦੋਂ ਸਕੂਲਾਂ ਵਿੱਚ ਹੋਣ ਵਾਲੀਆਂ ਹਿੰਸਕ ਘਟਨਾਵਾਂ ਕਰਕੇ ਗੰਨ ਖ੍ਰੀਦਣ ਦੇ ਕਾਨੂੰਨ ਬਣਾਉਣ ਦੀ ਗੱਲ ਚਲੀ ਸੀ ਤਾਂ ਬੰਦੂਕ ਲਾਬੀ ਨੇ ਸਕੂਲਾਂ ਨੂੰ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੁਰੱਖਿਆ ਲਈ ਬੰਦੂਕਾਂ ਖ੍ਰੀਦਣ ਦੀ ਸਲਾਹ ਦਿੱਤੀ ਸੀ। ਅਮਰੀਕਾ ਦੀ ਬੰਦੂਕ ਲਾਬੀ ਇਤਨੀ ਭਾਰੂ ਹੈ, ਕੋਈ ਵੀ ਸਿਆਸੀ ਪਾਰਟੀ ਬੰਦੂਕ ਖ੍ਰੀਦਣ ਲਈ ਕਾਨੂੰਨ ਬਣਾਉਣ ਦੀ ਹਿੰਮਤ ਹੀ ਨਹੀਂ ਕਰਦੀ। ਹਾਲਾਂ ਕਿ ਉਨ੍ਹਾਂ ਦੇ ਦੇਸ਼ ਵਿੱਚ ਹਿੰਸਕ ਘਟਨਾਵਾਂ ਲਗਾਤਾਰ ਵਧੀ ਜਾ ਰਹੀਆਂ ਹਨ। ਡੋਨਾਲਡ ਜੇ ਟਰੰਪ ਉਪਰ ਕਾਤਲਾਨਾ ਹਮਲਾ ਪੈਨੇਸਲਵਾਕੀਆ ਰਾਜ ਵਿੱਚ ਬਟਲਰ ਕਾਊਂਟੀ ਵਿੱਚ ਹੋਇਆ। ਹਮਲਾ ਕਰਨ ਵਾਲਾ 20 ਸਾਲਾ ਥਾਮਸ ਮੈਥਊ ਕਰੁਕਸ ਰਿਪਬਲਿਕਨ ਪਾਰਟੀ ਦਾ ਮੈਂਬਰ ਸੀ। ਉਸ ਨੇ 300 ਫੁਟ ਉਚੀ ਥਾਂ ਤੋਂ ਬੈਠਕੇ ਏ.ਆਰ.15 ਸੈਮੀ ਆਟੋਮੈਟਿਕ ਅਸਾਲਟ ਰਾਈਫਲ ਨਾਲ ਨਿਸ਼ਾਨਾ ਸਾਧਿਆ ਸੀ, ਜਦੋਂ ਡੋਨਾਲਡ ਜੇ ਟਰੰਪ ਇਕ ਚੋਣ ਰੈਲੀ ਨੂੰ ਸੰਬੋਧਨ ਕਰ ਰਿਹਾ ਸੀ। ਤਾੜ ਤਾੜ ਗੋਲੀਆਂ ਚਲਣ ਨਾਲ ਰੈਲੀ ਵਿੱਚ ਸਨਸਨੀ ਫੈਲ ਗਈ। ਪ੍ਰੰਤੂ ਡੋਨਲਡ ਜੇ ਟਰੰਪ ਦੀ ਖ਼ੁਸ਼ਕਿਸਮਤੀ ਰਹੀ ਕਿ ਉਹ ਵਾਲ ਵਾਲ ਬਚ ਗਏ ਤੇ ਗੋਲੀ ਉਨ੍ਹਾਂ ਦੇ ਸੱਜੇ ਕੰਨ ਨੂੰ ਜ਼ਖ਼ਮੀ ਕਰਦੀ ਅੱਗੇ ਲੰਘ ਗਈ। ਇਸ ਨੂੰ ਚਮਤਕਾਰੀ ਬਚਾਅ ਕਿਹਾ ਜਾ ਸਕਦਾ ਹੈ। ਗੋਲੀ ਲੱਗਣ ਤੋਂ ਬਾਅਦ ਜਦੋਂ ਸੁਰੱਖਿਆ ਦਸਤੇ ਡੋਨਾਲਡ ਜੇ ਟਰੰਪ ਨੂੰ ਬਾਹਰ ਲਿਜਾ ਰਹੇ ਸਨ ਤਾਂ ਟਰੰਪ ਉਚੀ ਉਚੀ ਬੜ੍ਹਕਾਂ ਮਾਰ ਰਹੇ ਸਨ। ਇਸ ਘਟਨਾ ਵਿੱਚ ਦੋ ਹੋਰ ਵਿਅਕਤੀ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ ਵਿੱਚੋਂ ਇੱਕ ਵਿਅਕਤੀ ਕੋਰੀ ਕੰਪੇਰਟੇਰ ਮਾਰਿਆ ਗਿਆ। ਕਾਤਲ ਦੀ ਕਾਰ ਵਿੱਚੋਂ ਵਿਸਫੋਟਿਕ ਪਦਾਰਥ ਬਰਾਮਦ ਹੋਇਆ ਹੈ। ਹਮਲਾਵਰ ਪੈਨੇਸਿਲਵਾਨੀਆ ਦੇ ਬੈਥਲ ਸ਼ਹਿਰ ਦਾ ਰਹਿਣ ਵਾਲਾ ਸੀ। ਹਮਲਾਵਰ ਥਾਮਸ ਮੈਥਿਊ ਕਰੁਕਸ ਨੇ 2022 ਵਿੱਚ ਬੈਥਲ ਪਾਰਕ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਸੀ ਅਤੇ ਕੌਮੀ ਗਣਿਤ ਤੇ ਸਾਇੰਸ ਦਾ 500 ਡਾਲਰ ਦਾ 'ਇਨੀਸੀਏਟਿਵ ਸਟਾਰ ਅਵਾਰਡ' ਹੋਰ ਵਿਦਿਆਰਥੀਆਂ ਨਾਲ ਪ੍ਰਾਪਤ ਕੀਤਾ ਸੀ। ਕਾਤਲ ਨੂੰ ਪੁਲਿਸ ਦੀ ਸੀਕਰਿਟ ਸਰਵਿਸ ਨੇ ਮੌਕੇ 'ਤੇ ਹੀ ਮਾਰ ਦਿੱਤਾ। ਹਮਲਾ ਕਰਨ ਦੇ ਕਾਰਨਾ ਦੀ ਜਾਂਚ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਕਰ ਰਹੀ ਹੈ। 1981 ਵਿੱਚ ਰੋਨਾਲਡ ਰੀਗਨ ਤੇ ਹੋਏ ਹਮਲੇ ਤੋਂ 24 ਸਾਲ ਬਾਅਦ ਵੱਡੀ ਘਟਨਾ ਵਾਪਰੀ ਹੈ।



ਅਮਰੀਕਾ ਵਿੱਚ ਰਾਸ਼ਟਰਪਤੀ, ਸਾਬਕਾ ਰਾਸ਼ਟਰਪਤੀ ਅਤੇ ਰਾਸ਼ਟਰਪਤੀ ਦੇ ਉਮੀਦਵਾਰਾਂ 'ਤੇ ਹਮਲੇ ਹੋਣਾ ਕੋਈ ਨਵੀਂ ਗੱਲ ਨਹੀਂ ਹੈ। ਇਸ ਤੋਂ ਪਹਿਲਾਂ ਵੀ ਅਜਿਹੇ ਇੱਕ ਦਰਜਨ ਦੇ ਕਰੀਬ ਹਮਲੇ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਕੁਝ ਰਾਸ਼ਟਰਪਤੀ ਮਾਰੇ ਵੀ ਗਏ ਸਨ। ਸਭ ਤੋਂ ਪਹਿਲਾ ਹਮਲਾ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਅਬਰਾਹਿਮ ਲੰਕਨ 'ਤੇ 14 ਅਪ੍ਰੈਲ 1865 ਨੂੰ ਫੋਰਡ ਥੇਟਰ ਵਿੱਚ ਹੋਇਆ ਸੀ। ਇਹ ਹਮਲਾ ਜੌਹਨ ਵਿਲਕੀਸ ਬੂਥ ਨੇ ਅਬਰਾਹਿਮ ਲੰਕਨ ਵੱਲੋਂ ਕਾਲੇ ਲੋਕਾਂ ਦੇ ਹੱਕਾਂ ਦੀ ਸਪੋਰਟ ਕਰਨ ਕਰਕੇ ਕੀਤਾ ਸੀ, ਜਿਸ ਵਿੱਚ ਰਾਸ਼ਟਰਪਤੀ ਅਬਰਾਹਿਮ ਲੰਕਨ ਮਾਰੇ ਗਏ ਸਨ। ਕਾਤਲ ਵੀ 26 ਅਪ੍ਰੈਲ 1865 ਨੂੰ ਮਾਰਿਆ ਗਿਆ ਸੀ। ਜੇਮਜ਼ ਗੇਰਫੀਲਡ ਜੋ 20ਵੇਂ ਰਾਸ਼ਟਰਪਤੀ ਸਨ, ਉਨ੍ਹਾਂ ਉਪਰ 2 ਜੁਲਾਈ 1881 ਨੂੰ ਵਾਸ਼ਿੰਗਟਨ ਟਰੇਨ ਸਟੇਸ਼ਨ ਵਿਖੇ ਚਾਰਲਸ ਗੁਟੇਊ ਨੇ ਹਮਲਾ ਕੀਤਾ ਸੀ। ਰਾਸ਼ਟਰਪਤੀ ਦੇ ਜ਼ਖ਼ਮਾਂ ਵਿੱਚ ਇਨਫੈਕਸ਼ਨ ਹੋਣ ਤੋਂ ਬਾਅਦ ਸਤੰਬਰ 1881 ਵਿੱਚ ਸਵਰਗ ਸਿਧਾਰ ਗਏ ਸਨ। 6 ਸਤੰਬਰ 1901 ਨੂੰ ਅਮਰੀਕਾ ਦੇ 25ਵੇਂ ਰਾਸ਼ਟਰਪਤੀ ਵਿਲੀਅਮ ਮੈਕਨਿਲੇ ਨਿਊਯਾਰਕ ਦੇ ਬੁਫੈਲੋ ਵਿਖੇ ਲਿਓਨ ਜੋਲਕੋਜ਼ ਨੇ ਹਮਲਾ ਕੀਤਾ ਸੀ। ਰਾਸ਼ਟਰਪਤੀ ਚਾਰ ਦਿਨ ਬਾਅਦ ਸਵਰਗ ਸਿਧਾਰ ਗਏ ਸਨ। ਲਿਓਨ ਜੋਲਕੋਜ਼ ਨੂੰ 29 ਅਕਤੂਬਰ 1901 ਨੂੰ ਫ਼ਾਂਸੀ ਦਿੱਤੀ ਗਈ ਸੀ। 32ਵੇਂ ਰਾਸ਼ਟਰਪਤੀ ਫਰੈਂਕਲਿਨ ਰੂਜ਼ਵੈਲਟ 'ਤੇ ਫਰਵਰੀ 1933 ਵਿੱਚ ਗੈਸਪ ਜੰਗਾਰਾ ਨੇ ਹਮਲਾ ਕੀਤਾ ਸੀ, ਜਿਸ ਵਿੱਚ ਰਾਸ਼ਟਰਪਤੀ ਦੀ ਜਾਨ ਬਚ ਗਈ ਸੀ ਪ੍ਰੰਤੂ ਮੇਅਰ ਐਨਟਨ ਸੀਮਕ ਮਾਰੇ ਗਏ ਸਨ। ਬਾਅਦ ਵਿੱਚ ਕਾਤਲ ਨੂੰ ਫਾਂਸੀ ਹੋ ਗਈ ਸੀ। ਅਮਰੀਕਾ ਦੇ 33ਵੇਂ ਰਾਸ਼ਟਰਪਤੀ ਹੈਰੀ.ਐਸ.ਟਰੂਮੈਨ ਉਪਰ ਆਸਕਰ ਕਲਾਜ਼ੋ ਨੇ ਕਾਤਲਾਨਾ ਹਮਲਾ ਬਲੇਅਰ ਹਾਊਸ ਵਿਖੇ ਨਵੰਬਰ 1950 ਵਿੱਚ ਕੀਤਾ ਸੀ। ਇਸ ਹਮਲੇ ਵਿੱਚ ਰਾਸ਼ਟਰਪਤੀ ਬਚ ਗਏ ਸਨ। ਜੌਹਨ ਐਫ.ਕੈਨੇਡੀ 35ਵੇਂ ਰਾਸ਼ਟਰਪਤੀ 'ਤੇ 22 ਨਵੰਬਰ 1963 ਨੂੰ ਟੈਕਸਾਸ ਦੇ ਡੱਲਾਸ ਸ਼ਹਿਰ ਵਿੱਚ ਲੀ ਹਾਰਵੇ ਓਸਵਾਲਡ ਨੇ ਕਾਤਲਾਨਾ ਹਮਲਾ ਕੀਤਾ, ਜਿਸ ਵਿੱਚ ਰਾਸ਼ਟਰਪਤੀ ਮਾਰੇ ਗਏ ਸਨ। ਦੋ ਦਿਨ ਬਾਅਦ ਕਾਤਲ ਵੀ ਮਰ ਗਿਆ ਸੀ। 38ਵੇਂ ਰਾਸ਼ਟਰਪਤੀ ਗਰਾਲਡ ਫੋਰਡ ਉਪਰ 1975 ਵਿੱਚ ਦੋ ਵਾਰੀ ਹਮਲੇ ਹੋਏ। ਉਹ ਦੋਵੇਂ ਵਾਰੀ ਬਚ ਗਏ। ਇਕ ਵਾਰ ਲੀਨੇਟੇ ਫਰੌਮੀ ਅਤੇ ਦੂਜੀ ਵਾਰ ਸਾਰਾ ਜਾਨੇ ਮੂਰਾ ਨੇ ਹਮਲੇ ਕੀਤੇ ਸਨ। ਅਮਰੀਕਾ ਦੇ 40ਵੇਂ ਰਾਸ਼ਟਰਪਤੀ ਰੋਨਾਲਡ ਰੀਗਨ 'ਤੇ 30 ਮਾਰਚ 1981 ਨੂੰ ਵਾਸ਼ਿੰਗਟਨ ਡੀ.ਸੀ. ਵਿਖੇ ਕਾਤਲਾਨਾ ਹਮਲਾ ਹੋਇਆ ਪ੍ਰੰਤੂ ਉਹ ਵਾਲ ਵਾਲ ਬਚ ਗਏ। 43 ਵੇਂ ਰਾਸ਼ਟਰਪਤੀ ਜੌਰਜ ਡਵਲਯੂ ਬੁਸ਼ 'ਤੇ ਜਾਰਜੀਆ ਦੇ ਟਬੀਲਿਸਟ ਸ਼ਹਿਰ ਵਿਖੇ 2005 ਵਿੱਚ ਗਰਨੇਡ ਸੁਟਿਆ ਗਿਆ, ਜਿਸ ਵਿੱਚ ਉਹ ਬਚ ਗਏ। ਕਾਤਲ ਨੂੰ ਉਮਰ ਕੈਦ ਦੀ ਸਜ਼ਾ ਹੋਈ। ਰਾਸ਼ਟਰਪਤੀ ਦੇ ਉਮੀਦਵਾਰਾਂ ਤੇ ਹੋਏ ਹਮਲਿਆਂ ਵਿੱਚ ਡੋਨਾਲਡ ਟਰੰਪ ਤੀਜਾ ਉਮੀਦਵਾਰ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਦੇ ਦੋ ਉਮੀਦਵਾਰਾਂ ਤੇ ਵੀ ਹਮਲੇ ਹੋ ਚੁੱਕੇ ਹਨ। ਇਨ੍ਹਾਂ ਵਿੱਚ ਰਾਸ਼ਟਰਪਤੀ ਦੇ ਉਮੀਦਵਾਰ ਥਿਓਡੋਰੇ ਰੂਜ਼ਵੈਲਟ ਉਪਰ 1912 ਵਿੱਚ ਮਿਲਵਾਕੀ ਵਿਖੇ ਹਮਲਾ ਹੋਇਆ ਪ੍ਰੰਤੂ ਉਹ ਬਚ ਗਏ। ਦੂਜੇ ਉਮੀਦਵਾਰ ਰਾਬਰਟ ਐਫ.ਕੈਨੇਡੀ ਉਪਰ 5 ਜੂਨ 1968 ਨੂੰ ਲਾਸ ਏਂਜਲਸ ਵਿਖੇ ਕਾਤਲਾਨਾ ਹਮਲਾ ਹੋਇਆ ਜਿਸ ਵਿੱਚ ਰਾਸ਼ਟਰਪਤੀ ਮਾਰੇ ਗਏ। 12 ਰਾਸ਼ਟਰਪਤੀਆਂ 'ਤੇ ਹੋਏ ਹਮਲਿਆਂ ਵਿੱਚ 5 ਰਾਸ਼ਟਰਪਤੀ ਮਾਰੇ ਗਏ ਸਨ, 7 ਰਾਸ਼ਟਰਪਤੀ ਹਮਲਿਆਂ ਵਿੱਚ ਬਚ ਗਏ ਸਨ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਕਿਹਾ ਜਾਂਦਾ ਹੈ ਅਮਰੀਕਾ ਦੇ ਕਾਨੂੰਨ ਬੜੇ ਸਖ਼ਤ ਹਨ ਪ੍ਰੰਤੂ ਬਹੁਤੇ ਹਮਲਾਵਰਾਂ ਨੂੰ ਸਜ਼ਾ ਨਹੀਂ ਹੋ ਸਕੀ। ਜੇ ਅਮਰੀਕਾ ਦੇ ਉਚ ਅਹੁਦਿਆਂ ਵਾਲੇ ਸਰੱਖਿਅਤ ਨਹੀਂ ਹਨ ਤਾਂ ਆਮ ਸ਼ਹਿਰੀਆਂ ਦੀ ਸੁਰੱਖਿਆ ਕਿਵੇਂ ਹੋ ਸਕਦੀ ਹੈ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।


Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com


Edmonton
Parminder Singh Balluana
+1 (204) 930-3030
780 599 2000
Email:
balluana.parminder@gmail.com


Regina
Gurbinder Singh Gagowal
306 520 4313,
639 999 1000
Email:
gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਘਰ ਬਣਾਉਣ ਵਾਲੀ ਕੰਪਨੀ ਲਗਯੂਰੀਆ ਗਰੁੱਪ ਵੱਲੋਂ ਕੈਲਗਰੀ ਸਟੈਂਪੀਡ ਮੌਕੇ ਬਾਰਬੀਕਿਊ ਈਵੈਂਟ ਕਰਵਾਇਆ ਗਿਆ














ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜੁਲਾਈ ਦੇ ਪਹਿਲੇ ਹਫਤੇ ਕੈਲਗਰੀ ਵਿਖੇ ਧਰਤੀ ਉੱਪਰ ਲੱਗਣ ਵਾਲਾ ਵੱਡ ਅਕਾਰੀ ਮੇਲਾ ਸਟੈਂਪੀਡ ਕਰਵਾਇਆ ਜਾਂਦਾ ਹੈ। 10 ਦਿਨ ਚੱਲਣ ਵਾਲੇ ਇਸ ਮੇਲੇ ਦੇ ਦਿਨਾਂ ਦੌਰਾਨ ਹੀ ਕੈਲਗਰੀ ਸਹਿਰ ਵੱਖੋ ਵੱਖ ਬਿਜਨਿਸ ਅਦਾਰੇ ਵੀ ਇਸ ਨੂੰ ਬਾਰਬੀਕਿਊ ਕਰਕੇ ਮਨਾਉਂਦੇ ਹਨ। ਇਸੇ ਤਰਾਂ ਹੀ ਕੈਲਗਰੀ ਦੀ ਘਰ ਬਣਾਉਣ ਵਾਲੀ ਨਾਮਵਰ ਕੰਪਨੀ ਲਗਯੂਰੀਆ ਗਰੁੱਪ ਵੱਲੋਂ ਕੈਲਗਰੀ ਸਟੈਂਪੀਡ ਮੌਕੇ ਬਾਰਬੀਕਿਊ ਈਵੈਂਟ ਕਰਵਾਇਆ ਗਿਆ। ਇਸ ਮੌਕੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਗੁਰਵੀਰ ਰਣਦੇਵ ਨੇ ਦੱਸਿਆ ਕਿ ਆਪਣੇ ਗਾਹਕਾਂ ਨੂੰ ਕੁਆਲਿਟੀ ਪ੍ਰਦਾਨ ਕਰਨਾ ਉਹਨਾਂ ਦਾ ਮੁੱਖ ਉਦੇਸ਼ ਹੈ। ਉਹਨਾਂ ਕੈਲਗਰੀ ਵਾਸੀਆਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਕੈਲਗਰੀ ਵਾਸੀਆਂ ਦੇ ਸਹਿਯੋਗ ਨੇ ਹੀ ਲਗਯੂਰੀਆ ਗਰੁੱਪ ਨੂੰ ਬੁਲੰਦੀਆਂ ਬਖਸ਼ੀਆਂ ਹਨ। ਇਸੇ ਲਈ ਇਸ ਬਾਰਬੀਕਿਊ ਦੇ ਬਹਾਨੇ ਉਹ ਉਹਨਾਂ ਨਾਲ ਮਿਲਣੀਆਂ ਕਰਕੇ ਉਹਨਾਂ ਦਾ ਧੰਨਵਾਦ ਕਰਦੇ ਹਨ। ਹਰਵੀਰ ਰਣਦੇਵ,ਗੁਰਵੀਰ ਰਣਦੇਵ,ਅਜੈਬ ਨਾਹਲ,ਮਨਪ੍ਰੀਤ ਨਾਹਲ ਅਤੇ ਲਗਯੂਰੀਆ ਗਰੁੱਪ ਦੇ ਸੱਦੇ ਉੱਪਰ ਕੈਲਗਰੀ ਦੀਆਂ ਨਾਮਵਰ ਸ਼ਖਸੀਅਤਾਂ ਜਿਹਨਾਂ ਵਿੱਚ ਐਮ ਐਲ ਏ ਪਰਮੀਤ ਸਿੰਘ ਬੋਪਾਰਇ,ਕੌਂਸਲਰ ਰਾਜ ਧਾਲੀਵਲ,ਜਸਵੀਰ ਸਿਹੋਤਾ, ਸਾਬਕਾ ਇੰਜੀਨੀਅਰ ਗੁਰਦਿਆਲ ਸਿੰਘ ਖੈਰਾ, ਖੁਸ਼ ਸਿੱਧੂ, ਟਰਿੱਪਲ ਏ ਤੋਂ ਦੇਬੀ ਭਾਅ ਜੀ, ਜਗਰਾਜ ਭੱਟੀ, ਬੂਟਾ ਸਿੰਘ ,ਹਰਦੀਪ ਸਮਰਾ,ਦਰਸਨ ਸਿੰਘ ਧਾਲੀਵਾਲ, ਅਤੇ ਕੈਲਗਰੀ ਦੇ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਪੁੱਜੇ ਹੋਏ ਸਨ।

A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

ਇੰਮੀਗ੍ਰੇਸਨ ਦੀਆਂ ਸਾਰੀਆਂ ਲੋੜਾਂ ਇੱਕ ਹੀ ਫੋਨ ਕਾਲ ਨਾਲ ਪੂਰੀਆਂ ਕਰੋ
R2 IMMIGRATION
• Study Visa • Start-up Visa
• Visitor Visa • Citizenship Application
• LMIA, PNP • PR Card Renewal
• Express Entry
R2 Immigration Services Inc.
Rahul Sharma 403-439-0007
RCIC 403-434-5555
info@r2immi.ca
4310 104 Ave NE #3266 Unit 2 Calgary AB T3J 1W5

Punjab MONEY EXCHANGE
Pick Up & Delivery
NO EXTRA CHARGES
Contact for Sending & Receiving MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

Punjab Land Documents Writer (Regd.)
ਐਨ.ਆਰ.ਆਈ. ਵੀਰ ਅਤੇ ਭੈਣਾਂ ਲਈ ਖਾਸ ਸੂਚਨਾ
ਇੰਡੀਆ ਦੀਆਂ ਜ਼ਮੀਨਾਂ Properties ਅਤੇ ਸਾਰੇ ਡਾਕੂਮੈਂਟਸ ਤਸੱਲੀ ਬਖਸ਼ ਲਿਖਦੇ ਹਨ।
1. ਮੁਖਤਿਆਰਨਾਮੇ (Power of Attorney's), ਵਸੀਅਤ, ਜ਼ਮੀਨ ਟਰਾਂਸਫਰ, ਬੈਅ ਕੇਸ ਪੈਰਵੀ, ਤਕਸੀਮ, ਬੈਂਕ ਲਿਮਟਾਂ, ਇੱਕਰਾਰਨਾਮੇ, (Affidavit), NRI ਬਾਣੇ, ਜ਼ਮੀਨਾਂ ਦੇ ਕੰਮ ਆਦਿ।
2. ਇੰਤਕਾਲ ਕਰਵਾਉਣ, ਗਿਰਦਾਵਰੀ, ਫਰਦਾਂ, ਨਕਲਾਂ ਆਦਿ ਦੇ ਕੰਮ।
3. ਮੋਟਰ ਕੁਨੈਕਸ਼ਨ, ਮੈਰਿਜ ਸਰਟੀਫਿਕੇਟ, ਪੈਨਸ਼ਨ (ਲਾਈਫ ਸਰਟੀਫਿਕੇਟ) ਆਦਿ ਵੀ ਲਿਖਦੇ ਹਨ।
ਇੱਥੇ ਇੰਡੀਆ ਦੇ ਸਾਰੇ ਕੰਮ ਇਨਾਂ ਪਾਸੋਂ ਕੈਨੇਡਾ ਬੈਠੇ ਕਰਵਾ ਸਕਦੇ ਹੋ, ਅਤੇ ਅਦਾਲਤੀ ਕੰਮਾਂ (ਕੇਸਾਂ) ਬਾਰੇ ਸਲਾਹ ਵੀ ਕਰ ਸਕਦੇ ਹੋ। ਇਹ ਡਾਕੂਮੈਂਟਸ ਤਸਦੀਕ ਵੀ ਕਰਦੇ ਹਨ।
ਇਹ ਸਿਵਲ ਕੋਰਟਸ ਵਿੱਚ 35 ਸਾਲ ਕੀਤੇ ਕੰਮਾਂ ਦਾ ਤਜ਼ਰਬਾ ਰੱਖਦੇ ਹਨ।
1 587 581 1313
Unit #2140, 76 Westwinds Crescent NE
AVTAR S.TOOR
Documents Writer, Calgary AB
A Commissioner for Oaths

COLD IRON TRUCK CENTER
SALE LEASING WARRANTY
WE BUY, WE SELL TRUCKS & TRAILERS
212 - 6958 76 Ave NW, Edmonton
+1-416-560-2250, +1-780-904-0005
www.coldirontrucks.com

# ਕੈਨੇਡਾ 'ਚ ਐਬਸਫੋਰਡ ਕਬੱਡੀ ਕੱਪ ਨੇ ਪਾਈ ਧਮਾਲ

## ➤ ਕੈਲਗਰੀ ਵਾਲਿਆਂ ਦੀ ਜੇਤੂ ਮੁਹਿੰਮ ਜਾਰੀ, ਬਣਾਈ ਖਿਤਾਬੀ ਹੈਟ੍ਰਿਕ ➤ ਰਵੀ ਦਿਉਰਾ ਤੇ ਸ਼ੀਲੂ ਬਾਹੂ ਅਕਬਰਪੁਰ ਬਣੇ ਸਰਵੋਤਮ ਖਿਡਾਰੀ



ਐਬਸਫੋਰਡ ਕਬੱਡੀ ਕੱਪ ਜੇਤੂ ਬੀਸੀ ਯੂਨਾਈਟਡ ਫਰੈਂਡਜ਼ ਕਲੱਬ ਕੈਲਗਰੀ ਦੀ ਟੀਮ ਨੂੰ ਟਰਾਫੀ ਪ੍ਰਦਾਨ ਕਰਦੇ ਹੋਏ ਬੱਬਲ ਸੰਗਰੂਰ, ਬਲਰਾਜ ਸੰਘਾ, ਐਂਡੀ ਧੁੱਗਾ, ਹਰਵਿੰਦਰ ਬਾਸੀ ਤੇ ਸਾਥੀ।



ਟੋਰਾਂਟੋ ਤੋਂ ਆਏ ਕਬੱਡੀ ਪ੍ਰਮੋਟਰਾਂ ਐਂਡੀ ਧੁੱਗਾ, ਹਰਵਿੰਦਰ ਬਾਸੀ, ਕਲਵਰਨ ਧੁੱਗਾ, ਵੀਰਪਾਲ ਧੁੱਗਾ ਤੇ ਹੋਰਨਾਂ ਦਾ ਸਨਮਾਨ ਕਰਦੇ ਹੋਏ ਬੱਬਲ ਸੰਗਰੂਰ, ਬਲਰਾਜ ਸੰਘਾ ਤੇ ਸਾਥੀ।



ਸਰਵੋਤਮ ਜਾਫੀ ਸ਼ੀਲੂ ਬਾਹੂਅਕਬਰਪੁਰ ਤੇ ਸਰਵੋਤਮ ਧਾਵੀ ਰਵੀ ਦਿਉਰਾ ਦਾ ਸਨਮਾਨ ਕਰਦੇ ਹੋਏ ਬੱਬਲ ਸੰਗਰੂਰ ਤੇ ਸਾਥੀ।



ਮੇਜ਼ਬਾਨ ਐਬਸਫੋਰਡ ਕਬੱਡੀ ਕਲੱਬ ਦੀ ਟੀਮ ਪ੍ਰਬੰਧਕ ਬੱਬਲ ਸੰਗਰੂਰ, ਬਲਰਾਜ ਸੰਘਾ, ਐਂਡੀ ਧੁੱਗਾ, ਹਰਵਿੰਦਰ ਬਾਸੀ ਤੇ ਸਾਥੀਆਂ ਨਾਲ।



ਐਂਡੀ ਧੁੱਗਾ, ਬਲਰਾਜ ਸੰਘਾ ਤੇ ਲਾਲੀ ਢੇਸੀ ਖੇਡਾਂ 'ਚ ਪੰਜਾਬੀ ਭਾਈਚਾਰੇ ਦਾ ਨਾਮ ਰੋਸ਼ਨ ਕਰਨ ਵਾਲੀ ਖਿਡਾਰਨ ਨੂੰ ਸਨਮਾਨਿਤ ਕਰਦੇ ਹੋਏ।

ਸਰੀ (ਪੰਜਾਬੀ ਅਖਬਾਰ ਬਿਊਰੋ)–ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ 'ਚ ਸਰਗਰਮ ਕਬੱਡੀ ਫੈਡਰੇਸ਼ਨ ਆਫ ਬੀਸੀ ਐਂਡ ਐਸੋਸੀਏਸ਼ਨ ਦੇ ਝੰਡੇ ਹੇਠ ਐਬਸਫੋਰਡ ਕਬੱਡੀ ਕਲੱਬ ਵੱਲੋਂ ਪੰਜਾਬੀਆਂ ਦੇ ਗੜ੍ਹ ਸਰੀ ਵਿਖੇ ਬੱਬਲ ਸੰਗਰੂਰ ਤੇ ਬਲਰਾਜ ਸੰਘਾ ਹੋਰਾਂ ਦੀ ਅਗਵਾਈ 'ਚ ਸ਼ਾਨਦਾਰ ਕਬੱਡੀ ਕੱਪ ਕਰਵਾਇਆ ਗਿਆ ਜਿਸ ਨੂੰ ਬੀ.ਸੀ. ਯੂਨਾਈਟਡ ਫਰੈਂਡਜ਼ ਕਲੱਬ ਕੈਲਗਰੀ ਨੇ ਜਿੱਤਣ ਦਾ ਮਾਣ ਪ੍ਰਾਪਤ ਕੀਤਾ। ਇਸ ਕਲੱਬ ਦੀ ਬੀ ਸੀ ਕਬੱਡੀ ਸੀਜ਼ਨ 'ਚ ਲਗਾਤਾਰ ਤੀਸਰੀ ਖਿਤਾਬੀ ਜਿੱਤ ਸੀ। ਹਜ਼ਾਰਾਂ ਦਰਸ਼ਕਾਂ ਦੀ ਹਾਜ਼ਰੀ 'ਚ ਹੋਏ ਇਸ ਕੱਪ ਦੌਰਾਨ ਐਮ.ਪੀ. ਰਣਦੀਪ ਸਰਾਏ, ਉੱਘੇ ਕਾਰੋਬਾਰੀ ਅਮਰਜੀਤ ਕਾਹਲੋਂ ਦੁਬਈ, ਟੋਰਾਂਟੋ ਤੋਂ ਇੰਦਰਜੀਤ ਸਿੰਘ ਐਂਡੀ ਧੁੱਗਾ ਤੇ ਹਰਵਿੰਦਰ ਸਿੰਘ ਬਾਸੀ ਵਿਸ਼ੇਸ਼ ਮਹਿਮਾਨਾਂ ਵਜੋਂ ਪੁੱਜੇ।

**ਪ੍ਰਬੰਧਕੀ ਤੇ ਮਹਿਮਾਨ:-** ਐਬਸਫੋਰਡ ਕਬੱਡੀ ਕਲੱਬ ਵੱਲੋਂ ਬੱਬਲ ਸੰਗਰੂਰ, ਬਲਰਾਜ ਸੰਘਾ, ਸੁੱਖ ਬਰਾੜ, ਸੋਨੂੰ ਬਾਠ, ਮਨੀ ਚਾਹਲ, ਗੁਰਮੀਤ ਬਰਨਾਲਾ, ਰਵੀ ਧਾਲੀਵਾਲ, ਮਨਵੀਰ ਅੌਜਲਾ, ਬੂਟਾ ਦੁਸਾਂਝ, ਸੁੱਖੀ ਦੁਸਾਂਝ, ਮਨਜੀਤ ਧੂਰਕੋਟ, ਸੂਬਾ ਦੌਧਰ, ਕੁਲਵੰਤ, ਜੋਤੀ ਪੰਧੇਰ, ਹਰਮੀਤ ਬੋਪਾਰਾਏ, ਸੁੱਖੀ ਕਮਾਲਾ, ਗੋਲਡੀ ਗੋਸਲ, ਜਾਗਰ, ਚੰਨਾ, ਅਰਜਨ ਅੌਜਲਾ, ਗੈਰੀ ਢਿੱਲੋਂ ਤੇ ਸ਼ਾਨ ਬਰਾੜ ਨੇ ਸਖਤ ਮਿਹਨਤ ਨਾਲ ਕੱਪ ਨੂੰ ਸ਼ਾਨ ਨਾਲ ਨੇਪਰੇ ਚਾੜ੍ਹਿਆ। ਇਸ ਮੌਕੇ ਐਂਡੀ ਧੁੱਗਾ, ਹਰਵਿੰਦਰ ਬਾਸੀ, ਕੁਲਵਰਨ ਧੁੱਗਾ, ਵੀਰਪਾਲ ਧੁੱਗਾ, ਤੇਜੀ ਬਰੈਂਪਟਨ, ਫੈਡਰੇਸ਼ਨ ਦੇ ਪ੍ਰਧਾਨ ਮੇਜਰ ਬਰਾੜ ਕੈਲਗਰੀ, ਡਾਇਰੈਕਟਰ ਅਵਤਾਰ ਢੇਸੀ, ਸੇਵਾ ਸਿੰਘ ਰਾਣਾ, ਮਨਜੀਤ ਢੀਂਡਸਾ, ਲਾਲੀ ਢੇਸੀ, ਜਸਪਾਲ ਭੰਡਾਲ, ਜਲੰਧਰ ਸਿੱਧੂ, ਬਿੰਦਰ ਜਗਰਾਓਂ, ਦੀਪਾ ਢੀਂਡਸਾ ਤੇ ਮਾਨਾ ਰੂਮੀ ਆਦਿ ਸ਼ਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ।



ਐਮ.ਪੀ. ਰਣਦੀਪ ਸਰਾਏ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ।


**ਸਰਵੋਤਮ ਖਿਡਾਰੀ:-** ਇਸ ਕੱਪ ਦੌਰਾਨ ਚੈਪੀਅਨ ਟੀਮ ਬੀ.ਸੀ. ਯੂਨਾਈਟਡ ਫਰੈਂਡਜ਼ ਕਲੱਬ ਕੈਲਗਰੀ ਦੇ ਧਾਵੀ ਰਵੀ ਦਿਉਰਾ ਨੇ 19 ਧਾਵੇ ਬੋਲ ਕੇ 18 ਅੰਕ ਹਾਸਲ ਕੀਤੇ ਅਤੇ ਸਰਵੋਤਮ ਧਾਵੀ ਦਾ ਖਿਤਾਬ ਜਿੱਤਿਆ। ਇਸੇ ਟੀਮ ਦੇ ਖਿਡਾਰੀ ਸ਼ੀਲੂ ਬਾਹੂ ਅਕਬਰਪੁਰ ਨੇ 14 ਕੋਸ਼ਿਸ਼ਾਂ ਤੋਂ 8 ਜੱਫੇ ਲਗਾਕੇ, ਸਰਵੋਤਮ ਜਾਫੀ ਦਾ ਖਿਤਾਬ ਆਪਣੇ ਨਾਮ ਕੀਤਾ।

**ਮੁਕਾਬਲੇਬਾਜ਼ੀ:-** ਕੱਪ ਦੇ ਪਹਿਲੇ ਮੈਚ ਦੌਰਾਨ ਐਬਸਫੋਰਡ ਕਬੱਡੀ ਕਲੱਬ ਨੇ ਸ਼ਹੀਦ ਭਗਤ ਸਿੰਘ ਕਲੱਬ ਸਰਹਾਲਾ ਰਾਣੂਆਂ ਨੂੰ 37.5-35 ਅੰਕਾਂ ਨਾਲ ਹਰਾਇਆ। ਦੂਸਰੇ ਮੈਚ 'ਚ ਅਜ਼ਾਦ ਪੰਜਾਬ ਕਬੱਡੀ ਕਲੱਬ ਨੇ ਪੰਜਾਬ ਟਾਈਗਰਜ਼ ਕਲੱਬ ਨੂੰ 39-32 ਅੰਕਾਂ ਨਾਲ ਹਰਾਇਆ ਤੇ ਸੈਮੀਫਾਈਨਲ 'ਚ ਥਾਂ ਬਣਾਈ। ਤੀਸਰੇ ਮੈਚ 'ਚ ਮੇਜ਼ਬਾਨ ਐਬਸਫੋਰਡ ਕਲੱਬ ਨੇ ਸ਼ਹੀਦ ਭਗਤ ਸਿੰਘ ਕਲੱਬ ਸਰਹਾਲਾ ਰਾਣੂਆ ਨੂੰ 38-28 ਅੰਕਾਂ ਨਾਲ ਪਛਾੜਿਆ। ਚੌਥੇ ਮੈਚ 'ਚ ਅਜ਼ਾਦ ਪੰਜਾਬ ਕੇਸਰੀ ਕਲੱਬ ਨੇ ਪੰਜਾਬ ਟਾਈਗਰਜ਼ ਕਲੱਬ ਨੂੰ 39-32 ਨਾਲ ਹਰਾਕੇ ਆਖਰੀ ਚਾਰ 'ਚ ਥਾਂ ਬਣਾਈ। ਪਹਿਲੇ ਸੈਮੀਫਾਈਨਲ 'ਚ ਅਜ਼ਾਦ ਪੰਜਾਬ ਕੇਸਰੀ ਕਲੱਬ ਨੇ ਨਨਕਾਣਾ ਸਹਿਬ ਕਲੱਬ ਨੂੰ 53-47.5 ਨਾਲ ਹਰਾਕੇ ਫਾਈਨਲ 'ਚ ਥਾਂ ਬਣਾਈ। ਦੂਸਰੇ ਬੇਹੱਦ ਫਸਵੇਂ ਸੈਮੀਫਾਈਨਲ 'ਚ ਬੀ.ਸੀ. ਯੂਨਾਈਟਡ ਫਰੈਂਡਜ਼ ਕਲੱਬ ਕੈਲਗਰੀ ਨੇ ਮੇਜ਼ਬਾਨ ਐਬਸਫੋਰਡ ਕਲੱਬ ਨੂੰ 45-43.5 ਨਾਲ ਪਛਾੜਕੇ ਖਿਤਾਬੀ ਦੌੜ 'ਚ ਲਗਾਤਾਰ ਤੀਸਰੀ ਵਾਰ ਨਾਮ ਦਰਜ਼ ਕਰਵਾਇਆ। ਫਾਈਨਲ ਮੁਕਾਬਲੇ 'ਚ ਬੀਸੀ ਯੂਨਾਈਟਡ ਫਰੈਂਡਜ਼ ਕਲੱਬ ਕੈਲਗਰੀ ਵਾਲਿਆਂ ਨੇ ਅਜ਼ਾਦ ਪੰਜਾਬ ਕੇਸਰੀ ਕਲੱਬ ਖਿਲਾਫ਼ 43.5-27 ਅੰਕਾਂ ਨਾਲ ਜਿੱਤ ਦਰਜ ਕਰਕੇ, ਲਗਾਤਾਰ ਤੀਸਰਾ ਕੱਪ ਜਿੱਤਣ ਦਾ ਮਾਣ ਪ੍ਰਾਪਤ ਕੀਤਾ।

**ਸੰਚਾਲਕ ਦਲ:-** ਇਸ ਕੱਪ ਦੌਰਾਨ ਮੈਚਾਂ ਦਾ ਸੰਚਾਲਨ ਅੰਪਾਇਰ ਪੱਪੂ ਭਦੌੜ, ਨੀਟਾ ਸਰਾਏ, ਬਲਜੀਤ ਰਤਨਗੜ੍ਹ, ਰੂਬੀ ਧਾਲੀਵਾਲ ਤੇ ਸੁੱਖੀ ਧੂਰੀ ਨੇ ਕੀਤਾ। ਪ੍ਰਸਿੱਧ ਬੁਲਾਰੇ ਪ੍ਰੋ. ਮੱਖਣ ਸਿੰਘ ਹਕੀਮਪੁਰ, ਲੱਖਾ ਸਿੱਧਵਾਂ, ਮੱਖਣ ਅਲੀ ਤੇ ਇਕਬਾਲ ਗਾਲਿਬ ਨੇ ਦਰਸ਼ਕਾਂ ਨੂੰ ਮੈਚਾਂ ਨਾਲ ਜੋੜਕੇ ਰੱਖਿਆ। ਹਰਦੀਪ ਸਿਆਣ ਤੇ ਮਨੀ ਖੜਗ ਨੇ ਅੰਕਾਂ ਦਾ ਵੇਰਵਾ ਇਕੱਤਰ ਕੀਤਾ।

**ਤਿਰਛੀ ਨਜ਼ਰ:-** ਕਬੱਡੀ ਫੈਡਰੇਸ਼ਨ ਆਫ ਬੀਸੀ ਐਂਡ ਐਸੋਸੀਏਸ਼ਨ ਦੇ ਮੌਜੂਦਾ ਸੀਜਨ ਦੌਰਾਨ ਬੀ.ਸੀ. ਯੂਨਾਈਟਡ ਫਰੈਂਡਜ਼ ਕਲੱਬ ਕੈਲਗਰੀ ਨੇ ਲਗਾਤਾਰ ਤੀਸਰੀ ਵਾਰ ਖਿਤਾਬ ਜਿੱਤਣ ਦਾ ਮਾਣ ਪ੍ਰਾਪਤ ਕੀਤਾ। ਰਵੀ ਦਿਉਰਾ ਤੇ ਸੀਲੂ ਬਾਹੂਅਕਬਰਪੁਰ ਨੇ ਕਰਮਵਾਰ ਸਰਵੋਤਮ ਧਾਵੀ ਤੇ ਜਾਫੀ ਬਣਨ ਦਾ ਸਿਲਸਿਲਾ ਕਾਇਮ ਰੱਖਿਆ। ਇਸ ਕੱਪ ਦੌਰਾਨ ਪਹਿਲੇ ਸੈਮੀਫਾਈਨਲ ਮੈਚ 'ਚ ਨਨਕਾਣਾ ਸਾਹਿਬ ਕਲੱਬ ਤੇ ਅਜ਼ਾਦ ਪੰਜਾਬ ਕੇਸਰੀ ਕਲੱਬ ਦੇ ਖਿਡਾਰੀਆਂ ਨੇ ਰਿਕਾਰਡ 100 ਕਬੱਡੀਆਂ ਪਾਈਆ। ਮੈਚ ਦਾ ਫੈਸਲਾ ਅਜ਼ਾਦ ਪੰਜਾਬੀ ਕੇਸਰੀ ਕਲੱਬ ਦੇ ਹੱਕ 'ਚ 53-47.5 ਅੰਕਾਂ ਨਾਲ ਹੋਇਆ।

# ਕਿੱਸਿਆਂ ਵਾਲੇ ਸਾਰੇ ਪ੍ਰੇਮੀਆਂ ਤੋਂ ਵੱਧ ਚਲਾਕ ਸੀ ਸੋਹਣੀ ਦਾ ਪ੍ਰੇਮੀ ਮਹੀਵਾਲ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

ਸੋਹਣੀ ਮਹੀਵਾਲ ਦਾ ਕਿੱਸਾ ਲਿਖਾਰੀ ਸੱਯਦ ਫਜ਼ਲ ਸ਼ਾਹ ਦੁਆਰਾ ਲਿਖਿਆ ਗਿਆ ਸੀ। ਸੋਹਣੀ ਮਹੀਵਾਲ ਸਮੇਤ ਪੰਜਾਬ ਦੀਆਂ ਚਾਰ ਦੁਖਾਂਤਕ ਪ੍ਰੇਮ ਕਹਾਣੀਆਂ ਹੀਰ ਰਾਂਝਾ, ਮਿਰਜ਼ਾ ਸਾਹਿਬਾਂ ਅਤੇ ਸੱਸੀ ਪੁਨੂੰ ਹਨ। ਇਸ ਕਹਾਣੀ ਮੁਤਾਬਕ ਸੋਹਣੀ ਦਾ ਜਨਮ ਮੁਗਲ ਕਾਲ ਦੇ ਅੰਤਿਮ ਸਾਲਾਂ ਵਿੱਚ (18ਵੀਂ ਸਦੀ) ਪਾਕਿਸਤਾਨੀ ਪੰਜਾਬ ਦੇ ਸ਼ਹਿਰ ਗੁਜਰਾਤ ਦੇ ਵਸਨੀਕ ਤੁੱਲੇ ਘੁਮਿਆਰ ਦੇ ਘਰ ਹੋਇਆ ਸੀ। ਕਹਿੰਦੇ ਹਨ ਕਿ ਤੁੱਲੇ ਦੀ ਦੁਕਾਨ ਗੁਜਰਾਤ ਦੀ ਪ੍ਰਸਿੱਧ ਇਮਾਰਤ ਰਾਮ ਪਿਆਰੀ ਮਹਿਲ ਦੇ ਨਜ਼ਦੀਕ ਸੀ। ਸੋਹਣੀ ਬਹੁਤ ਹੀ ਜਿਆਦਾ ਖੂਬਸੂਰਤ ਅਤੇ ਸਲੀਕੇ ਵਾਲੀ ਸੀ। ਜਦੋਂ ਉਹ ਮੁਟਿਆਰ ਹੋ ਗਈ ਤਾਂ ਮਿੱਟੀ ਦੇ ਭਾਂਡਿਆਂ 'ਤੇ ਰੰਗ ਬਿਰੰਗੇ ਵੇਲ ਬੂਟੇ ਬਣਾ ਕੇ ਆਪਣੇ ਬਾਪ ਦੀ ਮਦਦ ਕਰਨ ਲੱਗ ਪਈ। ਉਸ ਵੱਲੋਂ ਖਾਸ ਤੌਰ 'ਤੇ ਸੁਰਾਹੀਆਂ 'ਤੇ ਪਾਏ ਸੁੰਦਰ ਡਿਜ਼ਾਈਨ ਸ਼ੌਕੀਨਾਂ ਦਾ ਮਨ ਮੋਹ ਲੈਂਦੇ ਸਨ। ਸੋਹਣੀ ਦੇ ਹੁਸਨ ਦਾ ਝਲਕਾਰਾ ਪਾਉਣ ਲਈ ਮਨਚਲਿਆਂ ਦੀ ਆਮਦੋ ਰਫਤ ਦੁਕਾਨ 'ਤੇ ਲੱਗੀ ਰਹਿੰਦੀ ਸੀ ਪਰ ਸੋਹਣੀ ਕਿਸੇ ਨੂੰ ਘਾਹ ਨਹੀਂ ਸੀ ਪਾਉਂਦੀ। ਮਹੀਵਾਲ ਦਾ ਅਸਲ ਨਾਮ ਇੱਜ਼ਤ ਬੇਗ ਸੀ ਤੇ ਉਹ ਬੁਖਾਰਾ (ਉਜ਼ਬੇਕਿਸਤਾਨ) ਦੇ ਰਹਿਣ ਵਾਲੇ ਇੱਕ ਅਮੀਰ ਵਪਾਰੀ ਦਾ ਬੇਟਾ ਸੀ। ਦਿੱਲੀ ਤੋਂ ਖਰੀਦੋ ਫਰੋਖਤ ਕਰ ਕੇ ਬੁਖਾਰਾ ਵਾਪਸ ਜਾਂਦਾ ਹੋਇਆ ਉਹ ਆਪਣੇ ਕਾਫਲੇ ਸਮੇਤ ਕੁਝ ਦਿਨ ਅਰਾਮ ਕਰਨ ਲਈ ਗੁਜਰਾਤ ਠਹਿਰ ਗਿਆ। ਆਪਣੇ ਸੰਗੀ ਸਾਥੀਆਂ ਪਾਸੋਂ ਸੋਹਣੀ ਦੇ ਹੁਸਨ ਦੇ ਚਰਚੇ ਸੁਣ ਕੇ ਉਹ ਵੀ ਇੱਕ ਦਿਨ ਤੁੱਲੇ ਦੇ ਚੱਕ 'ਤੇ ਪਹੁੰਚ ਗਿਆ। ਸੋਹਣੀ ਦੇ ਹੁਸਨ ਨੇ ਉਸ ਨੂੰ ਅਜਿਹਾ ਡੰਗ ਮਾਰਿਆ ਕਿ ਉਹ ਗੁਜਰਾਤ ਦਾ ਹੀ ਹੋ ਕੇ ਰਹਿ ਗਿਆ। ਸੋਹਣੀ ਦੀ ਇੱਕ ਝਲਕ ਪਾਉਣ ਲਈ ਉਹ ਰੋਜ਼ਾਨਾ ਦੁਕਾਨ 'ਤੇ ਪਹੁੰਚ ਜਾਂਦਾ ਤੇ ਹੌਲੀ ਹੌਲੀ ਸੋਹਣੀ ਵੀ ਉਸ ਵੱਲ ਖਿਚੀ ਗਈ। ਸੋਹਣੀ ਦੇ ਇਸ਼ਕ ਵਿੱਚ ਗ੍ਰਿਫਤਾਰ ਹੋਏ ਇੱਜ਼ਤ ਬੇਗ ਨੇ ਸਾਰਾ ਪੈਸਾ ਟਕਾ ਭਾਂਡੇ ਖਰੀਦਣ 'ਤੇ ਲੁਟਾ ਦਿੱਤਾ। ਜਦੋਂ ਪੈਸੇ ਖਤਮ ਹੋ ਗਏ ਤਾਂ ਉਹ ਬੁਖਾਰਾ ਵਾਪਸ ਜਾਣ ਦੀ ਬਜਾਏ ਸੋਹਣੀ ਦੇ ਘਰ ਹੀ ਮੱਝਾਂ ਚਾਰਨ ਲਈ ਨੌਕਰ ਹੋ ਗਿਆ। ਮੱਝਾਂ (ਮਾਝੇ ਦੀ ਬੋਲੀ ਵਿੱਚ ਮਹੀਆਂ) ਚਾਰਨ ਕਾਰਨ ਉਸ ਦਾ ਨਾਮ ਮਹੀਵਾਲ ਪੈ ਗਿਆ। ਜਦੋਂ ਤੁੱਲੇ ਨੂੰ ਇਸ ਪ੍ਰੇਮ ਕਹਾਣੀ ਬਾਰੇ ਭਿਣਕ ਲੱਗੀ ਤਾਂ ਉਸ ਨੇ ਬਦਨਾਮੀ ਤੋਂ ਡਰਦਿਆਂ ਜਲਦੀ ਜਲਦੀ ਸੋਹਣੀ ਦਾ ਵਿਆਹ ਚਨਾਬ ਤੋਂ ਪਾਰ ਕਿਸੇ ਪਿੰਡ ਆਪਣੀ ਬਰਾਦਰੀ ਦੇ ਲੜਕੇ ਨਾਲ ਕਰ ਦਿੱਤਾ।

ਫੱਟ ਖਾਧਾ ਆਸ਼ਕ ਮਹੀਵਾਲ ਵੀ ਸੋਹਣੀ ਦੀ ਪੈੜ ਨੱਪਦਾ ਉਸ ਦੇ ਸਹੁਰੇ ਪਿੰਡ ਪਹੁੰਚ ਗਿਆ। ਉਸ ਨੇ ਇੱਕ ਦਿਨ ਫਕੀਰ ਬਣ ਕੇ ਸੋਹਣੀ ਨਾਲ ਮੁਲਾਕਾਤ ਕੀਤੀ ਤੇ ਉਸ ਨੂੰ ਮਿਲਣ ਦਾ ਤਰੀਕਾ ਸਮਝਾ ਕੇ ਚਨਾਬ ਦੇ ਪਰਲੇ ਕਿਨਾਰੇ ਝੁੱਗੀ ਬਣਾ ਕੇ ਰਹਿਣ ਲੱਗ ਪਿਆ। ਸੋਹਣੀ ਦਾ ਪਤੀ ਸਿੱਧਾ ਸਾਦਾ ਬੰਦਾ ਸੀ ਤੇ ਕਾਰੋਬਾਰ ਕਾਰਨ ਬਹੁਤਾ ਘਰੋਂ ਬਾਹਰ ਹੀ ਰਹਿੰਦਾ ਸੀ। ਉਸ ਦੀ ਗੈਰਹਾਜ਼ਰੀ ਵਿੱਚ ਸੋਹਣੀ ਰਾਤਾਂ ਨੂੰ ਘੜੇ ਰਾਹੀਂ ਦਰਿਆ ਪਾਰ ਕਰ ਕੇ ਮਹੀਵਾਲ ਨੂੰ ਮਿਲਣ ਚਲੀ ਜਾਂਦੀ ਸੀ। ਪਿੰਡਾਂ ਵਿੱਚ ਅਜਿਹੀਆਂ ਗੱਲਾਂ ਕਿੱਥੇ ਛਿਪਦੀਆਂ ਹਨ। ਜਦੋਂ ਆਂਢ ਗੁਆਂਢ ਘੁਸਰ ਮੁਸਰ ਸ਼ੁਰੂ ਹੋ ਗਈ ਤਾਂ ਸੋਹਣੀ ਦੀ ਨਨਾਣ ਨੂੰ ਵੀ ਉਸ ਦੀਆਂ ਹਰਕਤਾਂ 'ਤੇ ਸ਼ੱਕ ਹੋ ਗਿਆ। ਇੱਕ ਕਾਲੀ ਬੋਲੀ ਰਾਤ ਉਸ ਨੇ ਸੋਹਣੀ ਦਾ ਪਿੱਛਾ ਕੀਤਾ ਅਤੇ ਲੁਕ ਛਿਪ ਕੇ ਘੜਾ ਰੱਖਣ ਵਾਲਾ ਟਿਕਾਣਾ ਵੀ ਵੇਖ ਲਿਆ। ਉਸ ਨੇ ਪਰਿਵਾਰ ਨੂੰ ਬਦਨਾਮੀ ਤੋਂ ਬਚਾਉਣ ਲਈ ਸੋਹਣੀ ਦਾ ਫਸਤਾ ਵੱਢਣ ਦਾ ਫੈਸਲਾ ਕਰ ਲਿਆ। ਇੱਕ ਦਿਨ ਉਸ ਨੇ ਗੁਪਤ ਤੌਰ 'ਤੇ ਪੱਕੇ ਦੀ ਥਾਂ ਕੱਚਾ ਘੜਾ ਰੱਖ ਦਿੱਤਾ। ਸੋਹਣੀ ਕੱਚੇ ਘੜੇ 'ਤੇ ਹੀ ਦਰਿਆ ਵਿੱਚ ਠਿੱਲ ਪਈ। ਬਰਸਾਤਾਂ ਕਾਰਨ ਦਰਿਆ ਚੜ੍ਹਿਆ ਹੋਇਆ ਸੀ, ਕੱਚਾ ਘੜਾ ਖੁਰਨ ਲੱਗ ਪਿਆ ਤੇ ਸੋਹਣੀ ਗੋਤੇ ਖਾਣ ਲੱਗੀ। ਮਹੀਵਾਲ ਨੇ ਉਸ ਨੂੰ ਬਚਾਉਣ ਲਈ ਪਾਣੀ ਵਿੱਚ ਛਾਲ ਮਾਰ ਦਿੱਤੀ ਪਰ ਆਫਰੇ ਹੋਏ ਦਰਿਆ ਅੱਗੇ ਉਸ ਦੀ ਕੋਈ ਵਾਹ ਨਾ ਚੱਲੀ ਤੇ ਦੋਵੇਂ ਡੁੱਬ ਕੇ ਦੋਵੇਂ ਮਰ ਗਏ।

ਸੱਯਦ ਫਜ਼ਲ ਸ਼ਾਹ ਦੇ ਕਿੱਸੇ ਵਿੱਚ ਕਈ ਗੰਭੀਰ ਉਕਾਈਆਂ ਹਨ। ਮਹੀਵਾਲ ਜੇ ਵਪਾਰ ਕਰ ਕੇ ਦਿੱਲੀ ਤੋਂ ਬੁਖਾਰੇ ਜਾ ਰਿਹਾ ਸੀ ਤਾਂ ਉਸ ਦਾ ਗੁਜਰਾਤ ਜਾਣ ਦਾ ਕੋਈ ਕਾਰਨ ਨਹੀਂ ਬਣਦਾ। ਗੁਜਰਾਤ ਬਾਦਸ਼ਾਹ ਅਕਬਰ ਨੇ ਵਸਾਇਆ ਸੀ ਤੇ ਉਸ ਵੇਲੇ ਇੱਕ ਛੋਟਾ ਜਿਹਾ ਕਸਬਾ ਸੀ।

ਇਹ ਪਾਕਿਸਤਾਨ ਦੇ ਉੱਤਰ ਵੱਲ ਜੰਮੂ ਤੋਂ ਕਰੀਬ 75 ਕਿ.ਮੀ. ਦੂਰੀ 'ਤੇ ਹੈ। ਇਹ ਦਿੱਲੀ – ਕਾਬਲ – ਬੁਖਾਰਾ ਜਾਂ ਹੋਰ ਕਿਸੇ ਵੀ ਵਪਾਰਿਕ ਸ਼ਾਹਰਾਹ 'ਤੇ ਨਹੀਂ ਪੈਂਦਾ। ਕਿਹਾ ਜਾਂਦਾ ਹੈ ਕਿ ਸੋਹਣੀ ਮਾਹੀਵਾਲ ਦੀਆਂ ਲਾਸ਼ਾਂ ਹੈਦਰਾਬਾਦ (ਸਿੰਧ, ਪਾਕਿਸਤਾਨ) ਤੋਂ 75 ਕਿ.ਮੀ. ਦੂਰ ਸ਼ਾਹਦਾਦਪੁਰ ਨੇੜਿਉਂ ਸਿੰਧ ਦਰਿਆ 'ਚੋਂ ਮਿਲੀਆਂ ਸਨ। ਸੋਹਣੀ ਦਾ ਮਕਬਰਾ ਸ਼ਾਹਦਾਦਪੁਰ ਦੇ ਸ਼ਾਹਪੁਰ ਚੱਕਰ ਰੋਡ 'ਤੇ ਬਣਿਆ ਹੋਇਆ ਹੈ। ਇਹ ਵੀ ਸੰਭਵ ਨਹੀਂ ਹੈ ਕਿਉਂਕਿ ਸੋਹਣੀ ਮਹੀਵਾਲ ਚਨਾਬ ਦਰਿਆ ਵਿੱਚ ਡੁੱਬ ਕੇ ਮਰੇ ਸਨ। ਚਨਾਬ ਸਤਲੁਜ ਵਿੱਚ ਅਤੇ ਸਤਲੁਜ ਸਿੰਧ ਦਰਿਆ ਵਿੱਚ ਡਿੱਗਦਾ ਹੈ। ਗੁਜਰਾਤ ਤੋਂ ਸ਼ਾਹਦਾਦਪੁਰ ਦਾ ਫਾਸਲਾ 1250 ਕਿ.ਮੀ. ਦੇ ਕਰੀਬ ਹੈ। ਲਾਸ਼ਾਂ ਨੂੰ ਐਨੀ ਦੂਰ ਪਹੁੰਚਦੇ ਪਹੁੰਚਦੇ ਕਈ ਮਹੀਨੇ ਲੱਗ ਜਾਣੇ ਸਨ ਤੇ ਰਸਤੇ ਵਿੱਚ ਹੀ ਗਲ ਸੜ ਜਾਣੀਆਂ ਸਨ। ਸੋਹਣੀ ਦਾ ਬਾਪ ਤੁੱਲਾ ਵੀ ਲਾਲਚੀ ਕਿਸਮ ਦਾ ਇਨਸਾਨ ਲੱਗਦਾ ਹੈ। ਜਦੋਂ ਤੱਕ ਮਹੀਵਾਲ ਮਿੱਟੀ ਦੇ ਭਾਂਡੇ ਸੋਨੇ ਦਾ ਭਾਅ ਖਰੀਦਦਾ ਰਿਹਾ, ਉਹ ਚੁੱਪ ਰਿਹਾ। ਪਰ ਜਦ ਉਸ ਨੇ ਵੇਖਿਆ ਕਿ ਉਹ ਮਲੰਗ ਹੋ ਗਿਆ ਹੈ ਤੇ ਮੱਝਾਂ ਚਾਰਨ ਲੱਗ ਗਿਆ ਹੈ, ਉਸ ਨੇ ਸੋਹਣੀ ਦਾ ਰਿਸ਼ਤਾ ਮਹੀਵਾਲ ਨਾਲ ਕਰਨ ਤੋਂ ਇਨਕਾਰ ਕਰ ਦਿੱਤਾ। ਲੱਗਦਾ ਹੈ ਕਿ ਮਹੀਵਾਲ ਕਮਜ਼ੋਰ ਅਤੇ ਡਰਪੋਕ ਕਿਸਮ ਦਾ ਇਨਸਾਨ ਸੀ। ਉਸ ਨੇ ਕਦੇ ਵੀ ਸੋਹਣੀ ਨੂੰ ਭਜਾ ਕੇ ਬੁਖਾਰੇ ਲਿਜਾਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਹਾਲਾਂਕਿ ਉਹ ਤੁੱਲੇ ਦੀਆਂ ਮੱਝਾਂ ਚਾਰਦਾ ਸੀ ਤੇ ਉਸੇ ਦੇ ਘਰ ਰਹਿੰਦਾ ਸੀ। ਜਦੋਂ ਸੋਹਣੀ ਵਿਆਹੀ ਗਈ ਤਾਂ ਮਹੀਵਾਲ ਵੀ ਢੀਠਾਂ ਵਾਂਗ ਪਿੱਛੇ ਪਿੱਛੇ ਉਸ ਦੇ ਪਿੰਡ ਪਹੁੰਚ ਗਿਆ। ਉਸ ਨੂੰ ਇਲਮ ਸੀ ਕਿ ਜੇ ਉਸ ਨੇ ਸੋਹਣੀ ਦੇ ਪਿੰਡ ਵਿੱਚ ਰਹਿ ਕੇ ਮੇਲ ਮਿਲਾਪ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜਰੂਰ ਹੀ ਕਿਸੇ ਦਿਨ ਉਸ ਦੀ ਗਿੱਦੜ ਕੁੱਟ ਹੋ ਜਾਵੇਗੀ। ਇਸ ਲਈ ਉਸ ਨੇ ਦਰਿਆ ਦੇ ਦੂਸਰੇ ਕਿਨਾਰੇ ਝੁੱਗੀ ਪਾ ਲਈ। ਸੋਹਣੀ ਚੰਗੀ ਤਰਾਂ ਤੈਰਨਾ ਨਹੀਂ ਸੀ ਜਾਣਦੀ। ਇਸ ਦੇ ਬਾਵਜੂਦ ਉਹ ਆਪ ਦਰਿਆ ਪਾਰ ਕਰ ਕੇ ਇਸ ਪਾਰ ਆਉਣ ਦੀ ਬਜਾਏ ਸੋਹਣੀ ਨੂੰ ਹੀ ਉਸ ਪਾਰ ਆਉਣ ਲਈ ਮਜ਼ਬੂਰ ਕਰਦਾ ਸੀ।

ਇਹ ਵੀ ਲੱਗਦਾ ਹੈ ਕਿ ਮਹੀਵਾਲ ਕੋਈ ਬਹੁਤਾ ਅਮੀਰ ਆਦਮੀ ਨਹੀਂ ਸੀ। ਜੇ ਉਹ ਬੁਖਾਰੇ ਦੇ ਕਿਸੇ ਅਮੀਰ ਵਪਾਰੀ ਦਾ ਪੁੱਤਰ ਹੁੰਦਾ ਤਾਂ ਉਸ ਦੇ ਵਾਰਸ ਉਸ ਨੂੰ ਲੱਭਣ ਲਈ ਨਾ ਆਉਂਦੇ? ਉਸ ਨੂੰ ਬਲੋਚਾਂ ਦੁਆਰਾ ਪੁੰਨੂ ਨੂੰ ਬੰਨ੍ਹ ਕੇ ਲਿਜਾਣ ਵਾਂਗ ਧੂਹ ਕੇ ਨਾ ਲੈ ਜਾਂਦੇ? ਉਸ ਦੇ ਪਿੱਛੇ ਤਾਂ ਕੋਈ ਵੀ ਨਾ ਆਇਆ। ਉਸ ਨੂੰ ਝੁੱਗੀ ਪਾ ਕੇ ਸੋਹਣੀ ਦੇ ਪਿੰਡ ਬੈਠਣ ਦੀ ਵੀ ਕੋਈ ਜਰੂਰਤ ਨਹੀਂ ਸੀ। ਉਸ ਕੋਲ ਸੋਹਣੀ ਨੂੰ ਕੱਢ ਕੇ ਲੈ ਜਾਣ ਦਾ ਬਹੁਤ ਸਮਾਂ ਸੀ। ਸੋਹਣੀ ਦਾ ਪਤੀ ਤਾਂ ਕੰਮ ਧੰਦੇ ਕਾਰਨ ਕਈ ਕਈ ਹਫਤੇ ਘਰ ਨਹੀਂ ਸੀ ਵੜਦਾ। ਉਸ ਦੇ ਵਾਪਸ ਆਉਣ ਤੱਕ ਤਾਂ ਉਨ੍ਹਾਂ ਨੇ ਪੇਸ਼ਾਵਰ ਵੀ ਟੱਪ ਜਾਣਾ ਸੀ। ਉਹ ਡਰਪੋਕ ਤੇ ਅੱਯਾਸ਼ ਕਿਸਮ ਦਾ ਆਦਮੀ ਸੀ। ਉਸ ਨੇ ਨਾ ਤਾਂ ਮਿਰਜ਼ੇ ਵਾਂਗ ਸੋਹਣੀ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ ਤੇ ਨਾ ਹੀ ਰਾਂਝੇ ਵਾਂਗ ਅਦਾਲਤ ਰਾਹੀਂ ਪ੍ਰਾਪਤ ਕੀਤਾ। ਉਹ ਚੁੱਪ ਕਰ ਕੇ ਅੱਯਾਸ਼ੀ ਕਰਦਾ ਰਿਹਾ ਤੇ ਮੱਛੀਆਂ ਭੁੰਨ ਭੁੰਨ ਖਾਂਦਾ ਰਿਹਾ।

ਸੋਹਣੀ ਚਾਹੇ ਜਿੰਨੀ ਵੀ ਚਲਾਕੀ ਵਰਤਦੀ, ਪਰ ਇਹ ਸੰਭਵ ਨਹੀਂ ਸੀ ਉਹ ਦਰਿਆ ਦੇ ਪਾਰ ਆਵੇ ਜਾਵੇ ਤੇ ਕਿਸੇ ਦੀ ਨਜ਼ਰ ਨਾ ਚੜ੍ਹੇ। ਉਹ ਘਰ ਵਾਪਸ ਆ ਕੇ ਆਪਣੇ ਗਿੱਲੇ ਕੱਪੜੇ ਕਿਵੇਂ ਸੁਕਾਉਂਦੀ ਹੋਵੇਗੀ? ਪਰਿਵਾਰ ਵਾਲੇ ਨਹੀਂ ਪੁੱਛਦੇ ਹੋਣਗੇ ਕਿ ਤੇਰੇ ਕੱਪੜੇ ਰੋਜ਼ ਰਾਤ ਨੂੰ ਗਿੱਲੇ ਕਿਵੇਂ ਹੋ ਜਾਂਦੇ ਹਨ? ਸੋਹਣੀ ਸਾਰੀ ਉਮਰ ਭਾਂਡੇ ਬਣਾਉਂਦੀ ਰਹੀ ਸੀ, ਇਹ ਨਹੀਂ ਹੋ ਸਕਦਾ ਹੈ ਕਿ ਉਸ ਨੂੰ ਪਤਾ ਨਾ ਲੱਗਾ ਹੋਵੇ ਕਿ ਘੜਾ ਕੱਚਾ ਹੈ। ਲੱਗਦਾ ਹੈ ਕਿ ਉਹ ਮਹੀਵਾਲ ਦੇ ਪ੍ਰੇਮ ਵਿੱਚ ਅੰਨ੍ਹੀ ਹੋ ਕੇ ਕੱਚੇ ਘੜੇ 'ਤੇ ਹੀ ਹੜ੍ਹ ਆਏ ਦਰਿਆ ਵਿੱਚ ਠਿੱਲ੍ਹ ਪਈ ਜਿਸ ਕਾਰਨ ਦੋਵਾਂ ਦੀ ਮੌਤ ਹੋ ਗਈ।






# ਬਿਨਾਂ ਮੁਕਾਬਲਾ ਪੇਸ਼ਕਸ਼ਾਂ ਦੇ ਹੁਣੇ ਖਰੀਦੋ

**ADVANTAGES OF BUYING PRESALES**


- **Your home, your way -** ਆਪਣਾ ਫਲੋਰ ਪਲਾਨ ਆਪ ਚੁਣੋ, ਮੇਨ ਫਲੋਰ ਉੱਪਰ ਫੁੱਲ ਵਾਸ਼ਰੂਮ ਦੇ ਨਾਲ ਇੱਕ ਸਪਾਈਸ ਕਿਚਨ ਜਾਂ ਬੈੱਡਰੂਮ ਸ਼ਾਮਿਲ ਕਰਨ ਦੀ ਚੋਣ ਕਰੋ।
- **Customization options -** ਰੰਗ ,ਲਾਈਟਾਂ ਅਤੇ ਹਾਰਡਵੇਅਰ ਤੁਸੀਂ ਆਪਣੀ ਇੱਛਾ ਅਨੁਸਾਰ ਵੀ ਚੁਣ ਸਕਦੇ ਹੋ!
- **Best of all, no competing offers**

**Starting from High $600's Excl. GST.**

ਸਾਡੇ ਆਧੁਨਿਕ ਸਿੰਗਲ ਫੈਮਿਲੀ ਹੋਮ ਸਮਕਾਲੀ ਬਾਹਰੀ ਆਰਕੀਟੈਕਚਰ ਅਤੇ ਉੱਚ-ਅੰਤ ਦੇ ਅੰਦਰੂਨੀ ਹਿੱਸੇ ਪੇਸ਼ ਕਰਦੇ ਹਨ। ਇਹ ਘਰ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ। ਮੌਰਟਗੇਜ ਸਹਾਇਕ ਵਜੋਂ ਸੇਵਾ ਕਰਨ ਜਾਂ ਬਹੁ-ਪੀੜ੍ਹੀ ਜੀਵਨ ਸ਼ੈਲੀ ਨੂੰ ਪੂਰਕ ਕਰਨ ਲਈ ਵਿਕਲਪਿਕ 1 ਜਾਂ 2 ਬੈੱਡ ਵਾਲੇ ਕਾਨੂੰਨੀ ਬੇਸਮੈਂਟ ਸੂਟ ਉਪਲਬਧ ਹਨ। ਘਰ ਦੀਆਂ ਹੋਰ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਮਸਾਲੇ ਦੀ ਰਸੋਈ ਅਤੇ ਮੁੱਖ 'ਤੇ ਬੈੱਡਰੂਮ ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਉਪਲਬਧ ਹਨ।

ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!


Den


Great Room


Kitchen


Walk-in Spice Kitchen

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

# VESTA ELEVATE COLLECTION

AT COOPER'S CROSSING

## ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕੋ

ਵੇਸਟਾ ਐਲੀਵੇਟ 'ਤੇ ਪੁਰਸਕਾਰ ਜੇਤੂ ਘਰਾਂ ਦੇ ਨਾਲ ਲਗਜ਼ਰੀ ਰਹਿਣ ਦੇ ਸਿਖਰ ਦੀ ਅਜਿਹੀ ਖੋਜ ਕਰੋ।ਜੋ ਸੰਗ੍ਰਹਿ, ਕੂਪਰਜ਼ ਕਰਾਸਿੰਗ ਦੇ ਵੱਕਾਰੀ, ਪੁਰਸਕਾਰ ਜੇਤੂ ਭਾਈਚਾਰੇ ਵਿੱਚ ਸਥਿਤ ਹੈ।ਜਿਸ ਦੀ ਵਿਸ਼ੇਸ਼ਤਾ ਇਹ ਹੈ ਕਿ ਸ਼ਾਨਦਾਰ ਢੰਗ ਨਾਲ ਤਿਆਰ ਕੀਤਾ ਗਿਆ 3-ਮੰਜ਼ਲਾ ਵਿਲੇਜ ਟਾਊਨਹੋਮਜ਼, 2-ਮੰਜ਼ਲਾ ਬ੍ਰੀਮਸਟੋਨ ਟਾਊਨਹੋਮਜ਼, ਅਤੇ ਮਾਸਟਰ-ਆਨਮੇਨ ਬੰਗਲੇ। ਆਲੀਸ਼ਾਨ ਇੰਟੀਰੀਅਰ ਦੇ ਨਾਲ ਆਧੁਨਿਕ ਸਮਕਾਲੀ ਮੋਨਾਰਕ ਕੰਡੋ ਦੀ ਵਿਸ਼ੇਸ਼ਤਾ ਵੀ ਹੈ।
4,500 ਵਰਗ ਫੁੱਟ ਤੋਂ ਵੱਧ ਉੱਚੀਆਂ ਅੰਦਰੂਨੀ ਸਹੂਲਤਾਂ ਦੇ ਨਾਲ ਮੁਕੰਮਲ ਅਤੇ ਵਿਲੱਖਣ ਬਾਹਰੀ ਆਰਕੀਟੈਕਚਰ।







**BRIMSTONE**
TOWNHOMES AT COOPER'S CROSSING

**3-STOREY TOWNHOMES**

3 Bedrooms | 2.5 Bath
1,565 – 1,602 sq. ft.
Covered deck off the kitchen and a second balcony off the master bedroom




2-STOREY TOWNHOMES

3 Bedrooms + Loft | 2.5 Bath
1,782 – 1,846 sq.ft.
Corner units offering master-on-main living option
Double car garage




LUXURY URBAN CONDOS

2 condo buildings
4 Storeys each
106 condos + 2 townhome units
670 - 1,198 SQ.FT.
**More amenities to be announced**




BUNGALOW VILLAS

Master-on-Main Living
1 Bedroom + Flex | 2 Bath
1,410 SQ.FT. + 1,388 SQ. FT.
Double front attached garage

SALES CENTRE
#1601 – 201 Cooperswood Green SW, Airdrie
587.317.1516 | cooperscrossing@vestaproperties.com

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

VESTA PROPERTIES

**VESTAELEVATE.COM**

Renderings are artistic concept only and subject to change without notice.

# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

Suitable match for smart and kind natured Jatt Sikh Bhullar boy, 5'11", 1996 born, Teetotaler, convent educated. Owns construction Business. Belongs to a reputed family in Bathinda with urban and rural properties. Seeking like minded smart qualified girl belonging to an affluent family. Now residing in Windsor Canada .Malwa region preferred and queries from abroad are also welcome. **Mobile: +91 9417042693. WhatsApp : +1 248-802-4353. Email: pjattana@umich.edu** ***_***

## ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ, ਜੱਟ ਸਿੱਖ ਬਰਾੜ ਪਰਿਵਾਰ ਦੀ ਐਡਮਿੰਟਨ ਰਹਿੰਦੀ ਲੜਕੀ, ਉਮਰ 30 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ: ਆਈ ਟੀ ਡਿਪਲੋਮਾਂ ਹੋਲਡਰ, ਲਈ ਕੈਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ (ਘਰ) + 1 780 772 4400 ਜਾਂ ਵਟਸ ਐਪ : +91 9876806059 ***249***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਬਰਪੱਗਾ ਪਰਿਵਾਰ ਦੀ ਲੜਕੀ,ਉਮਰ 30, ਕੱਦ 5 ਫੁੱਟ 2 ਇੰਚ, ਵਿਦਿਅਕ ਯੋਗਤਾ : Early Childhood Post Basic Diploma & Post Graduate in International Business Management. ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 647 697 2285 ਜਾਂ ਵਟਸ ਐਪ ਨੰਬਰ 91 94644 52299 ਈ ਮੇਲ: ritubagga06@gmail.com ***249***

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਸਰਮਾ ਪਰਿਵਾਰ ਦੇ ਲੜਕੇ,ਉਮਰ 28 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ : ਬੀ ਟੈੱਕ ਇਨ ਇੰਡੀਆ ,ਬਿਜਨਿਸ ਮੈਨੇਜਮੈਂਟ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : ਸਿਰਫ ਵਟਸਐਪ 1 587 579 9540 ਜਾਂ ਇੰਡੀਆ 91 98 556 29622 ***249***

## ਲੜਕੀ ਦੀ ਲੋੜ

ਕੈਨੇਡਾ ਵਿਜ਼ਟਰ ਵੀਜੇ ਉੱਪਰ ਆਏ ਜੱਟ ਸਿੱਖ ਸਿੱਧੂ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਉਮਰ 31 ਸਾਲ ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀ ਟੈੱਕ ,ਐਲ ਐਲ ਬੀ(ਲਾਅ) ਹੈਵੀ ਕਲਾਸ 1 ਡਰਾਇਵਿੰਗ ਲਾਇਸੈਂਸ ਹੋਲਡਰ ਲਈ ਹਾਣ ਪਰਵਾਣ ਦੀ ਕਨੇਡੀਅਨ ਸਿਟੀਜਨ,ਪੀ ਆਰ, ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ 1403 890 7607 ਇੰਡੀਆ : 91 98141 22621 ***249***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਅੰਮ੍ਰਿਤਧਾਰੀ ਗੁਰਸਿੱਖ ਪਰਿਵਾਰ ਦੇ ਵੈੱਲ ਸੈਟਲਡ ਲੜਕੇ ਉਮਰ 30 ਸਾਲ, ਕੱਦ 6 ਫੁੱਟ,ਵਿਦਿਅਕ ਯੋਗਤਾ : ਬੀ ਏ, ਕਨੇਡੀਅਨ ਲਾਅ ਡਿਪਲੋਮਾ ਹੋਲਡਰ ਲਈ ਗੁਰਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕਨੇਡਾ ਵਿੱਚ ਹੀ ਸਿਟੀਜਨ,ਪੀਆਰ ਜਾਂ ਵਰਕ ਪਰਮਿਟ ਉੱਪਰ ਹੋਵੇ। ਸੰਪਰਕ: 1 250 883 4000 ***253***

## ਲੜਕੀ ਦੀ ਲੋੜ

ਜੱਟ ਸਿੱਖ ਬੈਨੀਵਾਲ ਪਰਿਵਾਰ ਦੇ ਇੰਡੀਆ ਰਹਿੰਦੇ ਤਲਾਕਸ਼ੁਦਾ ਲੜਕੇ,ਉਮਰ 32 ਸਾਲ,ਕੱਦ 5 ਫੁੱਟ 8 ਇੰਚ,ਵਿਦਿਅਕ ਯੋਗਤਾ: ਬੀ ਟੈੱਕ ਹੁਣ ਪ੍ਰਾਈਵੇਟ ਜੌਬ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਰਹਿੰਦੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 926 4188 ਜਾਂ ਇੰਡੀਆ ਫੋਨ 91- 99140 81733 ***253***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉਪਰ ਵਿੰਨੀਪੈਗ ਰਹਿੰਦੇ ਜੱਟ ਸਿੱਖ ਬਰਾੜ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੇ, ਜਮੀਨ 4 ਕਿੱਲੇ,ਉਮਰ 28 ਸਾਲ, ਕੱਦ 5 ਫੁੱਟ 8 ਇੰਚ, ਬੀ ਕਾਮ, ਐਮ ਬੀ ਏ (MRSPTU ਬਠਿੰਡਾ ਯੂਨੀ) ਲਈ ਪੜੀ ਲਿਖੀ ਅੰਮ੍ਰਿਤਧਾਰੀ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। (ਕੋਈ ਮੰਗ ਨਹੀਂ)। ਸੰਪਰਕ : 204 963 5993 ਜਾਂ ਵਟਸਐਪ 91 99147 01101 ***252***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 368 993 0037 ਜਾਂ 1 778 675 1313 *** ***

## ਲੜਕੀ ਦੀ ਲੋੜ

ਇਟਾਲੀਅਨ ਪੀ ਆਰ,ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਬਾਸੀ ਪਰਿਵਾਰ ਦੇ ਤਲਾਕ ਸ਼ੁਦਾ ਲੜਕੇ ਉਮਰ 43 ਸਾਲ ਕੱਦ 5 ਫੁੱਟ 5 ਇੰਚ ਲਈ ਹਾਣ ਪਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਲੰਧਰ ਜ਼ਿਲ੍ਹੇ ਨਾਲ ਸਬੰਧਿਤ ਲੜਕਾ ਇਸ ਵੇਲੇ ਕੈਲਗਰੀ ਵਿੱਚ ਰਹਿ ਰਿਹਾ ਹੈ। ਤਲਾਕਸ਼ੁਦਾ ਜਾਂ ਵਿਧਵਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1604 719 6182 ਜਾਂ ਈ ਮੇਲ :Tejinderbassi88@icloud.com ***251***

## ਲੜਕੀ ਦੀ ਲੋੜ

Hindu Punjabi khatri boy Jan 1985 born, height 5.7 living in Vancouver upper middle class family, B.Tech/MBA, now self employed in logistics, **Canadian citizen** looking for a beautiful educated girl within Canada. Tourist, work permit, PR or citizen. **Call:1 306 502 6789** ***250***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਲੜਕੇ,ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਹੋਟਲ ਮੈਨੇਜਮੈਂਟ ਦੀ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 992 5012 ***246***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਜਨਮ 1999,ਕੱਦ 5 ਫੁੱਟ 6 ਇੰਚ, ਲਈ ਨਸ਼ਾ ਰਹਿਤ, ਪੰਜਾਬ ਵਿੱਚ 15 ਤੋਂ 20 ਏਕੜ ਜ਼ਮੀਨ ਦੇ ਮਾਲਕ ,ਕਨੇਡਾ ਵਿੱਚ ਪੀ ਆਰ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਨੂੰ ਪਹਿਲ। ਸੰਪਰਕ: 1 236 818 2368 ਜਾਂ ਵਟਸਐਪ 91 9464555475 ***246***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਉਮਰ 32 ਸਾਲ ,ਕੱਦ 5 ਫੁੱਟ 2 ਇੰਚ, ਐਡਮਿੰਟਨ ਨਿਵਾਸੀ ਤਲਾਕਸ਼ੁਦਾ ਲੜਕੀ ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ,ਜਾਂ ਵਰਕ ਪਰਮਿਟ ਵਾਲੇ ਨਸ਼ਾ ਰਹਿਤ,ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਵੀ ਮਨਜ਼ੂਰ। ਅਲਬਰਟਾ ਨੂੰ ਪਹਿਲ । ਕ੍ਰਿਪਾ ਕਰਕੇ ਇੰਡੀਆ ਵਾਲੇ ਸੰਪਰਕ ਨਾ ਕਰਨ। ਸੰਪਰਕ: 1 825 419 6002 ***250***

## ਲੜਕੀ ਦੀ ਲੋੜ

ਅਮਰੀਕਨ ਸਿਟੀਜਨ,ਸੈਣੀ ਪਰਿਵਾਰ ਦੇ ਇਸ਼ੂਲੈਸ ਤਲਾਕਸ਼ੁਦਾ ਲੜਕੇ ਉਮਰ 38 ਸਾਲ, ਕੱਦ 5 ਫੁੱਟ 8 ਇੰਚ, ਮਕੈਨੀਕਲ ਇੰਜੀਨੀਅਰਇੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕਾ ਟਰੱਕ ਡਰਾਈਵਰ ਓਨਰ ਅਪਰੇਟਰ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 778 953 0024 ***250***

## ਲੜਕੇ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਚੰਗੀ ਜੌਬ ਕਰ ਰਹੀ ਰਾਮਦਾਸੀਆ (ਮੁੰਗਰੀਆ) ਸਿੱਖ ਪਰਿਵਾਰ ਦੀ ਲੜਕੀ ਜਨਮ 1999, ਕੱਦ 5 ਫੁੱਟ 6 ਇੰਚ, ਬੀ ਟੈੱਕ -ਪੀ ਏ ਯੂ ਲੁਧਿਆਣਾ ਤੋਂ ਫੂਡ ਟੈੱਕਨੋਲੋਜੀ, ਪੀ ਜੀ ਡਿਪਲੋਮਾਂ -ਫੂਡ ਸੇਫਟੀ ਐਂਡ ਕੁਆਲਿਟੀ ਐਸੋਰੈਂਸ (ਟੌਰਾਂਟੋ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਵਿੱਚ ਲੜਕੀ ਦੇ ਪਿਤਾ ਸਦਰ ਕਾਨੂੰਗੋ ਅਤੇ ਮਾਤਾ ਦਾ ਬਿਜਨਿਸ ਇੰਡੇਨ ਗੈਸ ਏਜੰਸੀ ਹੈ। ਭਰਾ ਕਨੇਡੀਅਨ ਪੀ ਆਰ ਹੈ। ਲੜਕੀ ਇਸ ਵੇਲੇ ਚੰਗੀ ਨਾਮਵਰ ਕੰਪਨੀ ਵਿੱਚ ਕੁਆਲਿਟੀ ਚੈੱਕ ਆਫੀਸਰ ਦੀ (ਯੂਨੀਅਨ ਜੌਬ) ਕਰ ਰਹੀ ਹੈ। ਸੰਪਰਕ 403 899 8201 ***246***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਮੈੜ ਰਾਜਪੂਤ ਪਰਿਵਾਰ ਦੀ ਤਲਾਕਸ਼ੁਦਾ (ਬਿਨਾਂ ਬੱਚੇ ਤੋਂ ) ਵਧੀਆ ਜੌਬ ਕਰਦੀ ਲੜਕੀ ਕੱਦ 5 ਫੁੱਟ 2 ਇੰਚ,ਉਮਰ 37 ਸਾਲ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈੱਲਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ :1 825 454 1322 ਜਾਂ 403 464 1322 ***250***

## ਲੜਕੀ ਦੀ ਲੋੜ

ਅਮਰੀਕਨ ਸਿਟੀਜਨ,ਜੱਟ ਸਿੱਖ ਛੀਨਾ ਪਰਿਵਾਰ ਦੇ ਲੜਕੇ,ਉਮਰ 37 ਸਾਲ , ਕੱਦ 5 ਫੁੱਟ 11 ਇੰਚ, ਪੜ੍ਹਾਈ ਲਿਖਾਈ ਮਾਸਟਰ ਡਿਗਰੀ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੇ ਸੰਪਰਕ ਨਾ ਹੀ ਕਰਨ। ਸੰਪਰਕ: 1 510 377 1180 (ਵਟਸਐਪ) ਜਾਂ ਈ ਮੇਲ: kschhina87@gmail.com ***250***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ,ਉਮਰ 29 ਸਾਲ ਕੱਦ 5 ਫੁੱਟ 8 ਇੰਚ, ਐਮ ਏ ਇੰਗਲਿਸ਼ ,ਬੀ ਐੱਡ, ਲਈ ਪੜ੍ਹੀ ਲਿਖੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ । ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ: 403 951 1954 ਜਾਂ 1825 205 3609 ***250***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਰਾਜਪੂਤ ਚੌਹਾਨ ਪਰਿਵਾਰ ਦੇ ਲੜਕੇ ਜਨਮ 1997, ਕੱਦ 6 ਫੁੱਟ, , ਸਾਫਟ ਵੇਅਰ ਇੰਜੀਨੀਅਰ ਦੀ ਜੌਬ (ਪੈਕੇਜ 85,000 ਕਨੇਡੀਅਨ ਡਾਲਰ ਸਾਲਾਨਾ) ਕੈਲਗਰੀ ਵਿੱਚ ਤਿੰਨ ਘਰਾਂ ਦੇ ਮਾਲਕ ਲਈ ਹਾਣ ਪ੍ਰਵਾਣ ਦੀ ਲੜਕੀ ਕਨੇਡਾ ਵਿਚ ਕਿਸੇ ਵੀ ਸਟੇਟਸ ਉੱਪਰ ਹੋਵੇ, ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 891 9859 ਜਾਂ ਵਟਸਐਪ 91 977 951 1475 ***250***

## ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ , ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ, ਜਨਮ 1997, ਕੱਦ 5 ਫੁੱਟ 6 ਇੰਚ ,ਕਸਟਮਰ ਸਰਵਿਸ ਲੀਡ ਏਅਰਪੋਰਟ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਹੈ। ਸੰਪਰਕ – 1 672 966 0734, ਜਾਂ 1 778 859 5322 ***249***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਉਮਰ 34 ਸਾਲ ਕੱਦ 5 ਫੁੱਟ 3 ਇੰਚ ਵਿਦਿਅਕ ਯੋਗਤਾ ਬੀ ਐੱਸ ਸੀ ਨਰਸਿੰਗ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 437 3016 ***249***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਤਲਾਕਸ਼ੁਦਾ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 36 ਸਾਲ ਕੱਦ 5 ਫੁੱਟ 8 ਇੰਚ,ਹੈਲਥ ਕੇਅਰ ਦੀ ਜੌਬ ਕਰਦੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ, ਵਿਜ਼ਟਰ ਵੀਜੇ ਵਾਲੇ ਜਾਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ : 403 390 2326 ***249***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ,ਜਨਮ 1991,ਕੱਦ 6 ਫੁੱਟ ,ਕੈਲਗਰੀ ਵਿਖੇ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਸਖਤ ਮਿਹਨਤੀ,ਚੰਗੀ ਪੜ੍ਹੀਲਿਖੀ,ਘਰੇਲੂ ਸੰਸਕਾਰਾਂ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਮਾਪੇ ਕਨੇਡੀਅਨ ਪੀ ਆਰ ਹਨ ,ਇੱਕ ਭੈਣ ਜੋ ਵਿਆਹੀ ਹੈ ਅਤੇ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਸਿਰਫ ਜੱਟ ਸਿੱਖ ਪਰਿਵਾਰ ਹੀ ਸੰਪਰਕ ਕਰਨ। ਕਾਲ: **403 402 2596** WhatsApp +919914143839 or sandhukd58@gmail.com ***249***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਲੜਕੀ ,ਜਨਮ 1990,ਕੱਦ 5 ਫੁੱਟ 2 ਇੰਚ , M.sc. (Mathemaitcs) ,M.ed (ਕਨੇਡੀਅਨ ਯੂਨੀਵਰਿਸਟੀ ) ਲਈ ਬਰਾਬਰ ਦੀ ਯੋਗਤਾ ਰੱਖਣ ਵਾਲੇ ਵੈਸ਼ਨੂੰ ,ਨਸ਼ਾ ਰਹਿਤ,ਪੀ ਆਰ/ ਸਿਟੀਜਨ/ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਜਗਰਾਵਾਂ, ਲੁਧਿਆਣਾ ,ਕਨੇਡਾ ਦੇ ਅਲਬਰਟਾ ਸੂਬੇ ਅਤੇ ਬੀ ਸੀ ਨੂੰ ਪਹਿਲ। ਸੰਪਰਕ :ਕਾਲ ਜਾਂ ਵਟਸਐਪ : 306 501 6474 , +919056636305 ***249***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਬਦੇਸਾ ਪਰਿਵਾਰ ਦੇ ਉੱਚੇ ਲੰਮੇ ਸੋਹਣੇ ਸੁਨੱਖੇ ਗੱਭਰੂ,ਉਮਰ 30 ਸਾਲ,ਕੱਦ 6 ਫੁੱਟ 4 ਇੰਚ ,ਨਾਨ ਸਮੋਕਰ, ਨਾਨ ਡਰਿੰਕਰ, ਬ੍ਰਾਂਚ ਮੈਨੇਜਰ (ਟੀਮ ਡੀ ਬੈਂਕ) ਦੀ ਜੌਬ ਕਰਦੇ ਯੂਨੀਵਰਸਿਟੀ ਆਫ ਕੈਲਗਰੀ ਤੋਂ ਐਮ ਬੀ ਏ ਡਿਗਰੀ ਕਰ ਰਹੇ ਲਈ ਹਾਣ ਪਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 351 1849 ***249***

## ਲੜਕੀ ਦੀ ਲੋੜ

ਕਨੇਡਾ ਵਰਕ ਵੀਜੇ ਉਪਰ ਆਏ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ, ਉਮਰ 39 ਸਾਲ,ਪੜਾਈ ਲਿਖਾਈ ਪਲੱਸ ਟੂ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸੀ ਜਾਂ ਵਿਧਵਾ ਭਾਵੇਂ ਬੱਚੇ ਵਾਲੀ ਹੀ ਹੋਵੇ, ਉਹ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 667 1042 ***249***

## ਜੀਵਨ ਸਾਥੀ ਦੀ ਲੋੜ

ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ, ਉਮਰ 41 ਸਾਲ ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪਰਵਾਣ ਦੀ ਉਮਰ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਪਹਿਲੇ ਪਰਿਵਾਰ ਵਿੱਚੋਂ ਉਹ 18 ਸਾਲ ਦੀ ਬੇਟੀ ਦੀ ਮਾਂ ਹੈ । ਬੇਟੀ ਵੀ ਕਨੇਡਾ ਸਟੂਡੈਂਟ ਵੀਜੇ ਉੱਪਰ ਪੜ੍ਹਾਈ ਕਰ ਰਹੀ ਹੈ। ਸੰਪਰਕ: 403 605 5484 ਜਾਂ 403 604 0254 ***246***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੇ ਦੀ ਲੋੜ

Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./WhatsApp +1 587-434-0817 ***000***

## ਅੰਗਹੀਣ ਲੜਕੀ ਦੀ ਲੋੜ

ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******

"ਪੰਜਾਬੀ ਅਖ਼ਬਾਰ" ਵਿੱਚ ਖ਼ਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈਗ- 431 733 3000

ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ

A1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਵਰਕਰਾਂ ਦੀ ਲੋੜ

Green City is hiring lawn care worker with the following qualifications:

- Class 5 Driving license
- Good English communication skills
- Minimum age 24 required

ਕਾਲ: (403) 606-4160

## Name Change

I, **HARPREET SINGH** son/of **BHARPUR SINGH,** holder of Indian passport No. **Y2229032,** issued at Vancouver, on 21/06/2024, permanent resident of **VILL: LADAL, TEHSIL: LEHRA,SANGRUR, PIN: 148031, PUNJAB,INDIA** and presently residing at **40 SAVANNA ROW NE, CALGARY(AB) T3J0Y6 CANADA.** Do hereby change My name from **HARPREET SINGH** to **HARPREET SINGH MAAN** with immediate effect.

**Date: July 12,2024 Phone: 403 909 7999**


### ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਜਿਵੇ ਆਪ ਸਭ ਨੂੰ ਪਤਾ ਹੈ ਕਿ ਆਪਾਂ ਸਿੱਖ ਸੋਸਾਇਟੀ ਆਫ ਸਸਕੈਚਵਨ ਗੁਰਦਵਾਰਾ ਸਾਹਿਬ ਲਈ ਨਵੀ ਜਮੀਨ ਖਰੀਦੀ ਹੈ ਸੋ ਬੇਨਤੀ ਹੈ ਕਿ ਸਾਰੀਆਂ ਟ੍ਰਾਂਸਪੋਰਟ ਕੰਪਨੀਜ਼ ਅਤੇ ਬਿਜ਼ਨਸ ਮੈਨ ਅਤੇ ਜਿੰਨੇ ਵੀ ਇਹਨਾਂ ਕੰਪਨੀਆਂ ਵਿਚ ਕੰਮ ਕਰਨ ਵਾਲੇ ਵਰਕਰ ਵੀਰ ਹਨ ਨਵੇਂ ਗੁਰਦਵਾਰਾ ਸਾਹਿਬ ਦੇ ਬਿਲਡਿੰਗ ਫੰਡ ਵਿਚ ਹਿੱਸਾ ਜਰੂਰ ਪਾਉਣ ਤਾਕਿ ਆਰੰਭ ਕੀਤੇ ਕਾਰਜ ਸਫਲ ਹੋ ਸਕਣ ਜੇ ਇਕ ਵੀਰ ਅਤੇ ਭੈਣ ਅਗਰ ਘਟ ਤੋਂ ਘਟ 100 £ ਵੀ ਸੇਵਾ ਕਰੇ ਤਾਂ ਇਹ ਕਾਰਜ ਗੁਰੂ ਕਿਰਪਾ ਸਦਕਾ ਸਫਲ ਹੋ ਸਕਦੇ ਹਨ! ਹਰ ਕੋਈ ਵੀਰ, ਭੈਣ ਇਹ ਪੋਸਟ ਨੂੰ ਵੱਧ ਤੋਂ ਵੱਧ share ਜਰੂਰ ਕਰੋ ਜੀ ਕਿਉਂਕਿ ਜੇ 4000 ਬੰਦਾ ਵੀ 100 £ ਸੇਵਾ ਕਰੇ ਤਾ ਸਾਡਾ ਜੋ ਗੁਰਦਵਾਰਾ ਸਾਹਿਬ ਦਾ ਟਾਰਗੇਟ ਹੈ down payment ਪੂਰੀ ਹੋ ਜਾਏਗੀ ਸੋ ਕਿਰਪਾ ਕਰਕੇ ਵੱਧ ਤੋਂ ਵੱਧ share kro ਜੀ ਬਿਲਡਿੰਗ ਫੰਡ ਲਈ ਇਸ ਈ-ਮੇਲ ਤੇ ਸੇਵਾ ਭੇਜ ਸਕਦੇ ਹੋ ਹੋਰ ਜਾਨ ਕਾਰੀ ਲੂਈ ਤੁਸੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਲ ਕੱਰ ਸੱਕਦੇ ਹੋ 3069797454 ਜਾ ਬਲਦੇਬ ਸਿੰਘ 3062416655 ਜਾਂ ਹਰਪ੍ਰੀਤ ਸਿੰਘ ਜੱਸਲ 306 261 7373.

sikhsocietysknewland@gmail.com

# ਮਨੁੱਖੀ ਤਸਕਰੀ ਸਬੰਧੀ ਪੰਜ ਭਾਰਤੀ ਅਮਰੀਕਾ ਪੁਲਿਸ ਦੇ ਅੜਿੱਕੇ ਆਏ

ਟੈਕਸਾਸ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਟੈਕਸਾਸ ਦੇ ਪ੍ਰਿੰਸਟਨ 'ਚ ਮਨੁੱਖੀ ਤਸਕਰੀ ਦੇ ਮਾਮਲੇ 'ਚ ਭਾਰਤੀ ਮੂਲ ਦੇ ਚਾਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਫੜ੍ਹੇ ਗਏ ਲੋਕਾਂ ਦੀ ਪਹਿਚਾਣ ਚੰਦਨ ਦਾਸੀ ਰੈੱਡੀ, ਸੰਤੋਸ਼ ਕਟਕੂਰੀ, ਦਵਾਰਕਾ ਗੁੰਡਾ ਅਤੇ ਅਨਿਲ ਮਾਲੇ ਨੂੰ 'ਜ਼ਬਰਦਸਤੀ ਮਜ਼ਦੂਰੀ' ਕਰਵਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਇਹ ਗ੍ਰਿਫਤਾਰੀਆਂ ਉਦੋਂ ਕੀਤੀਆਂ ਗਈਆਂ ਜਦੋਂ ਪ੍ਰਿੰਸਟਨ ਪੁਲਿਸ ਨੇ ਲਗਭਗ 15 ਔਰਤਾਂ ਲੱਭੀਆਂ ਜੋ ਇੱਕੋ ਘਰ ਵਿੱਚ ਰਹਿੰਦੀਆਂ ਸਨ, ਫਰਸ਼ 'ਤੇ ਸੌਂ ਰਹੀਆਂ ਸਨ। ਪ੍ਰਿੰਸਟਨ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਕੋਲਿਨ ਕਾਉਂਟੀ ਵਿੱਚ ਗਿਨਸਬਰਗ ਲੇਨ ਉੱਤੇ ਇੱਕ ਘਰ ਵਿੱਚ ਇੱਕ ਸੰਭਾਵਿਤ ਮਨੁੱਖੀ ਤਸਕਰੀ ਰੈਕੇਟ ਬਾਰੇ ਮਾਰਚ ਵਿੱਚ ਪੈਸਟ ਕੰਟਰੋਲ ਵਿਭਾਗ ਤੋਂ ਸ਼ਿਕਾਇਤ ਮਿਲਣ ਤੋਂ ਬਾਅਦ ਜਾਂਚ ਸ਼ੁਰੂ ਕੀਤੀ ਸੀ। ਇੱਕ ਰਿਪੋਰਟ ਦੇ ਅਨੁਸਾਰ, ਮਾਰਚ ਵਿੱਚ ਪੈਸਟ ਕੰਟਰੋਲ ਵਿਭਾਗ ਨੂੰ ਘਰ ਬੁਲਾਇਆ ਗਿਆ ਸੀ ਪਰ ਜਦੋਂ ਇੰਸਪੈਕਟਰ ਅੰਦਰ ਗਿਆ ਤਾਂ ਦੇਖਿਆ ਕਿ ਕਮਰੇ ਦੇ ਫਰਸ਼ 'ਤੇ 15 ਦੇ ਕਰੀਬ ਔਰਤਾਂ ਸੌਂ ਰਹੀਆਂ ਸਨ।



"ਉੱਥੇ ਵੱਡੀ ਮਾਤਰਾ ਵਿੱਚ ਸੂਟਕੇਸ ਵੀ ਸਨ। ਪੁਲਿਸ ਨੇ ਦੱਸਿਆ ਕਿ ਜਿਸ ਘਰ 'ਚ ਕਥਿੱਤ ਮਨੁੱਖੀ ਤਸਕਰੀ ਹੋ ਰਹੀ ਸੀ, ਉਸ ਦੇ ਅੰਦਰ ਕਈ ਕੰਪਿਊਟਰ, ਇਲੈਕਟ੍ਰੋਨਿਕਸ ਅਤੇ ਕੰਬਲ ਤਾਂ ਸਨ ਪਰ ਉਥੇ ਕੋਈ ਫਰਨੀਚਰ ਨਹੀਂ ਸੀ। ਇਸ ਤੋਂ ਇਲਾਵਾ ਇੱਕ ਹੋਰ ਰਿਪੋਰਟ ਦੇ ਅਨੁਸਾਰ, ਪੁਲਿਸ ਨੇ ਕਿਹਾ ਕਿ ਘਰ ਤੋਂ ਛੁਡਵਾਈਆਂ ਗਈਆਂ 15 ਔਰਤਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਕਈ ਫਰਜ਼ੀ ਕੰਪਨੀਆਂ ਲਈ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਸੀ।

# ਟਰੰਪ 'ਤੇ ਹਮਲੇ ਦੇ ਦੋਸ਼ੀ ਦੀ ਹੋਈ ਪਛਾਣ, ਰੀਪਬਲੀਕਨ ਪਾਰਟੀ ਨਾਲ ਸੀ ਸਬੰਧਤ

ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)-ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ 'ਤੇ ਹਮਲੇ ਦੇ ਦੋਸ਼ੀ ਦੀ ਪਛਾਣ ਕਰ ਲਈ ਗਈ ਹੈ। ਮੁਲਜ਼ਮ ਦੀ ਪਛਾਣ ਥੌਮਸ ਮੈਥਿਊ ਕਰੂਕਸ ਵਜੋਂ ਹੋਈ ਹੈ। 20 ਸਾਲਾ ਦੋਸ਼ੀ ਨੂੰ ਸੁੱਰਖਿਆ ਬਲਾਂ ਨੇ ਮੌਕੇ 'ਤੇ ਹੀ ਮਾਰ ਦਿੱਤਾ ਸੀ। ਮੁਲਜ਼ਮ ਪੈਨਸਿਲਵੇਨੀਆ ਦੇ ਬੈਥਲ ਪਾਰਕ ਇਲਾਕੇ ਦਾ ਰਹਿਣ ਵਾਲਾ ਸੀ।

ਜਾਂਚ ਤੋਂ ਪਤਾ ਲੱਗਾ ਹੈ ਕਿ ਡੌਨਲਡ ਟਰੰਪ 'ਤੇ ਹਮਲਾ ਕਰਨ ਦਾ ਦੋਸ਼ੀ ਥੌਮਸ ਮੈਥਿਊ ਕਰੂਕਸ ਰੀਪਬਲੀਕਨ ਪਾਰਟੀ ਨਾਲ ਜੁੜਿਆ ਹੋਇਆ ਸੀ, ਅਤੇ ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਪਹਿਲੀ ਵਾਰ ਵੋਟ ਪਾਉਣ ਵਾਲਾ ਸੀ। ਅਮਰੀਕਾ 'ਚ ਵੋਟ ਪਾਉਣ ਦੀ ਘੱਟੋ-ਘੱਟ ਉਮਰ 18 ਸਾਲ ਹੈ। ਮੁਲਜ਼ਮ ਉਸ ਥਾਂ ਤੋਂ 56 ਕਿਲੋਮੀਟਰ ਦੂਰ ਬੇਥਲ ਪਾਰਕ ਇਲਾਕੇ 'ਚ ਰਹਿੰਦਾ ਸੀ ਜਿੱਥੇ ਟਰੰਪ ਦੀ ਰੈਲੀ ਹੋ ਰਹੀ ਸੀ। ਬੈਥਲ ਪਾਰਕ ਦੀ ਚੋਣ ਸੂਚੀ ਦੀ ਜਾਂਚ ਤੋਂ ਦੋਸ਼ੀ ਦੇ ਰੀਪਬਲੀਕਨ ਪਾਰਟੀ ਨਾਲ ਸਬੰਧਾਂ ਦਾ ਖ਼ੁਲਾਸਾ ਹੋਇਆ ਹੈ। ਜ਼ਿਕਰਯੋਗ ਹੈ ਕਿ ਡੌਨਲਡ ਟਰੰਪ ਰੀਪਬਲੀਕਨ ਪਾਰਟੀ ਵਲੋਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵੀ ਹਨ। ਅਜਿਹੇ 'ਚ ਰੀਪਬਲੀਕਨ ਪਾਰਟੀ ਦੇ ਸਮਰਥੱਕ ਹੋਣ ਦੇ ਬਾਵਜੂਦ ਉਸ ਦੇ ਸਾਬਕਾ ਰਾਸ਼ਟਰਪਤੀ ਅਤੇ ਰੀਪਬਲੀਕਨ ਪਾਰਟੀ ਦੇ ਉਮੀਦਵਾਰ ਡੌਨਲਡ ਟਰੰਪ 'ਤੇ ਹਮਲੇ ਦੀ ਘਟਨਾ ਹੈਰਾਨੀਜਨਕ ਹੈ। ਦੋਸ਼ੀ ਨੌਜਵਾਨ ਨੂੰ ਟਰੰਪ 'ਤੇ ਹਮਲੇ ਤੋਂ ਤੁਰੰਤ ਬਾਅਦ ਸੀਕ੍ਰੇਟ ਸਰਵਿਸ ਦੇ ਜਵਾਨਾਂ ਨੇ ਗੋਲੀ ਮਾਰ ਦਿੱਤੀ ਜਿਸ ਕਾਰਨ ਉਸ ਦੀ ਮੌਤ ਹੋ ਗਈ।

### ਹਮਲਾਵਰ ਪੜ੍ਹਾਈ 'ਚ ਹੁਸ਼ਿਆਰ ਸੀ, ਗਣਿਤ 'ਚ ਜਿੱਤ ਚੁੱਕਾ ਸੀ ਇਨਾਮ

FBI ਦੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਇੱਕ ਰੈਲੀ ਦੌਰਾਨ ਡੌਨਲਡ ਟਰੰਪ 'ਤੇ ਗੋਲੀ ਚਲਾਉਣ ਵਾਲਾ ਦੋਸ਼ੀ ਥੌਮਸ ਮੈਥਿਊ ਕਰੂਕਸ ਪੜ੍ਹਾਈ 'ਚ ਹੁਸ਼ਿਆਰ ਸੀ ਅਤੇ ਉਸ ਨੇ ਗਣਿਤ 'ਚ 500 ਡਾਲਰ ਦਾ ਇਨਾਮ ਵੀ ਜਿੱਤਿਆ ਸੀ। ਥੌਮਸ ਨੇ 2022 'ਚ ਬੈਥਲ ਪਾਰਕ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਨੈਸ਼ਨਲ ਮੈਥ ਐਂਡ ਸਾਇੰਸ ਇਨੀਸ਼ੀਏਟਿਵ 'ਚ 500 ਡਾਲਰ ਦਾ ਸਟਾਰ ਐਵਾਰਡ ਵੀ ਜਿੱਤਿਆ। ਦੋਸ਼ੀ ਦੇ ਪਿਤਾ ਦਾ ਕਹਿਣਾ ਹੈ ਕਿ ਉਹ ਨਹੀਂ ਜਾਣਦੇ ਕਿ ਕਰੂਕਸ ਨੇ ਟਰੰਪ 'ਤੇ ਹਮਲਾ ਕਿਉਂ ਕੀਤਾ।




# ਮਲਕੀ ਖੂਹ ਦੇ ਉੱਤੇ ਭਰਦੀ ਸੀ ਪਈ ਪਾਣੀ — 1

ਦੁਨੀਆ ਦੇ ਕੋਨੇ-ਕੋਨੇ ਵਿੱਚ ਵਸਦੇ ਹਰ ਪੰਜਾਬੀ ਨੇ ਇੱਕ ਗੀਤ ਰੱਜ ਕੇ ਸੁਣਿਐ ਤੇ ਹੰਢਾਇਐ। ਬਹੁਤ ਥੋੜ੍ਹੇ ਲੋਕਾਂ ਨੂੰ ਇਸ ਗੀਤ ਦੇ ਗੀਤਕਾਰ ਬਾਰੇ ਜਾਣਕਾਰੀ ਹੈ ਕਿਉਂਕਿ ਮੁਹੰਮਦ ਸਦੀਕ\ਰਣਜੀਤ ਕੌਰ ਦੇ ਇਸ ਰਿਕਾਰਡ 'ਤੇ ਇਸਦੇ ਲਿਖਣ ਵਾਲ਼ੇ ਦਾ ਨਾਮ ਹੀ ਨਹੀਂ ਸੀ ਲਿਖਿਆ ਤੇ ਨਾ ਹੀ ਗੀਤ ਵਿੱਚ ਗੀਤਕਾਰ ਦਾ ਨਾਮ ਆਉਂਦਾ ਹੈ। ਰਿਕਾਰਡ ਦੇ ਕਵਰ 'ਤੇ ਇਸ ਨੂੰ 'ਪ੍ਰਾਪੰਰਿਕ' ਲਿਖਿਆ ਸੀ। ਇਹ ਕਿਉਂ ? ਇਹ ਕਹਾਣੀ ਵੀ ਜਾਣਾਂਗੇ, ਪਹਿਲਾਂ ਆਓ ਗੀਤ 'ਤੇ ਨਜ਼ਰ ਮਾਰੀਏ:

*ਮਲਕੀ ਖੂਹ ਦੇ ਉੱਤੇ ਭਰਦੀ ਸੀ ਪਈ ਪਾਣੀ*
*ਕੀਮਾਂ ਕੋਲ ਆਕੇ ਬੇਨਤੀ ਗੁਜ਼ਾਰੇ*
*ਲੰਮਾ ਪੈਂਡਾ ਰਾਹੀ ਮਰ ਗਏ ਨੀ ਪਿਆਸੇ*
*ਛੰਨਾ ਪਾਣੀ ਦਾ ਇਕ ਦੇਦੇ ਨੀ ਮੁਟਿਆਰੇ*
*ਉਡਦੇ ਉਡਦੇ ਭੌਰ ਆ ਗਏ ਨੀ ਪ੍ਰਦੇਸੀ*
*ਤੇਰੇ ਜੋਬਨੇ ਦੇ ਲੈਣ ਨੀ ਨਜ਼ਾਰੇ*
*ਪੱਲਾ ਨਾ ਕਰ ਚੁੰਨੀ ਸਾੜ ਲਵੇਂਗੀ ਨੀ ਕੁੜੀਏ*
*ਤੇਰੇ ਘੁੰਡ ਵਿੱਚ ਬਲਦੇ ਦਿਸਦੇ ਦੋ ਅੰਗਿਆਰੇ*

*ਮਲਕੀ ਕਹਿੰਦੀ ਸ਼ਮਲੇ ਵਾਲਿਆ ਵੇ ਰਾਹੀਆ*
*ਪਾਣੀ ਪੀਣ ਦੇ ਨਾ ਦਿਸਦੇ ਤੇਰੇ ਚਾਲੇ*
*ਕੁੜੀਆਂ ਦੇਖ ਕੇ ਐਵੇਂ ਖੂਹ ਵੱਲ ਭੱਜਾ ਆਇਓਂ ਵੇ*
*ਲੋਭੀ ਭੌਰ ਜਿਸ ਤਰਾਂ ਫੁੱਲਾਂ ਦੇ ਦੁਆਲੇ*
*ਤੂੰ ਤਾਂ ਜਾਪੇਂ ਕਿਸੇ ਹੀਰ ਦਾ ਢੂੰਡਾਊ ਵੇ*
*ਰਾਂਝੇ ਵਾਂਗ ਕੱਛੇ ਵੰਝਲੀ ਕੰਨੀਂ ਵਾਲ਼ੇ*
*ਸਾਨੂੰ ਛੇੜ ਨਾ ਸਾਡਾ ਚਾਚਾ ਸੂਬੇਦਾਰ ਵੇ ਮੁੰਡਿਆ*
*ਫੜ ਕੇ ਕਰ ਦੇਊ ਤੈਨੂੰ ਅਕਬਰ ਦੇ ਹਵਾਲੇ*

*ਰਾਹੀ ਕਹਿੰਦਾ ਕਿਉਂ ਪ੍ਰਦੇਸੀਆਂ ਨੂੰ ਤਾੜੇਂ*
*ਐਵੇਂ ਮਾਣ ਜਵਾਨੀ ਜੋਬਨ ਦਾ ਨੀ ਕਰਕੇ*
*ਛੰਨਾ ਨਹੀਂ ਤੇ ਸਾਨੂੰ ਚੱਪੇ ਨਾਲ ਪਿਆਦੇ*
*ਤੇਰੇ ਹੱਥੋਂ ਨਾਜੋ ਪੀਲਾਂਗੇ ਬੁੱਕ ਭਰਕੇ*


ਸੋਹਣ ਸਿੰਘ ਸੀਤਲ

*ਪਾਣੀ ਲਾਲ ਸ਼ਰਾਬ ਬਣ ਗਿਆ ਜਾਪੇ ਪਰੀਏ*
*ਤੇਰੇ ਮਹਿੰਦੀ ਦੇ ਲਿਸ਼ਕਾਰੇ ਕੋਲੋਂ ਡਰਕੇ*
*ਬਿਜਲੀ ਬੱਦਲਾਂ ਓਹਲੇ ਨਿੰਮੀ ਨਿੰਮੀ ਚਮਕੇ ਨੀ ਮੁਟਿਆਰੇ*
*ਤੂੰ ਜਦ ਹੱਸਦੀ ਏਂ ਪੱਲੇ ਦਾ ਓਹਲਾ ਕਰਕੇ*

*ਸੁਣ ਵੇ ਰਾਹੀਆ ਨਾ ਪ੍ਰਦੇਸੀ ਝੇੜੇ ਕਰਦੇ ਵੇ*
*ਜਿਹਨਾਂ ਹੋਵੇ ਆਪਣੀ ਮੰਜ਼ਿਲ ਉੱਤੇ ਜਾਣਾ*
*ਤੂੰ ਤਾਂ ਆਪਣਿਆਂ ਦੇ ਵਾਂਗੂੰ ਮੇਰਾਂ ਕਰਦੈਂ ਵੇ*
*ਮੱਲੋ ਮੱਲੀ ਬਹਿੰਦਾ ਜਾਏਂ ਮੱਲ ਸਰ੍ਹਾਣਾ*
*ਕੀ ਏ ਨਾਂ ਤੇਰਾ, ਕੀ ਐਥੇ ਸਾਕਾਦਾਰੀ ਵੇ*
*ਦੱਸ ਤਾਂ ਰਾਹੀਆ ਤੇਰਾ ਕਿਹੜਾ ਵਤਨ ਟਿਕਾਣਾ*
*ਮੈਨੂੰ ਮੁੜ ਮੁੜ ਪਵੇ ਭੁਲੇਖਾ ਕਿਸੇ ਇਕ ਚੀਜ ਦਾ ਮੁੰਡਿਆ ਵੇ*
*ਜੀਹਦਾ ਨਾਂ ਨੀ ਲੈਣਾ, ਨਾ ਮੈਂ ਉਹਨੂੰ ਜਾਣਾ*

*ਸੁਣ ਮੁਟਿਆਰੇ ਮੈਂ ਮਲਕੀ ਦਾ ਗੱਭਰੂ ਕੀਮਾ*
*ਮੇਰਾ ਵਤਨ ਏ ਰਾਂਝੇ ਵਾਲਾ ਤਖਤ ਹਜ਼ਾਰਾ*
*ਗੜ੍ਹ ਮੁਗਲਾਣੇ ਰਾਏਮੁਬਾਰਕ ਦੇ ਘਰ ਜਾਣਾ ਮੈਂ ਅੜੀਏ ਨੀ*
*ਤੂੰ ਵੀ ਦੱਸਦੇ ਮੈਨੂੰ ਆਪਣਾ ਨਾਮ ਪਿਆਰਾ*

*ਸੁਣ ਕੇ ਸ਼ਰਮ ਦੀ ਲਾਲੀ ਮੂੰਹ ਦੇ ਉੱਤੇ ਆਈ ਵੇ*
*ਐਨਾ ਕਹਿੰਦੀ ਮਲਕੀ ਖੂਹ ਤੋਂ ਕਰੇ ਕਿਨਾਰਾ*
*ਮੈਂ ਨਹੀਂ ਦੱਸਣਾ ਕਿ ਮੈਂ ਹੀ ਹਾਂ ਤੇਰੀ ਮਲਕੀ ਵੇ ਅੜਿਆ*
*ਤੂੰ ਆਪਣੀ ਸੱਸੂ ਕੋਲੋਂ ਹਾਲ ਪੁੱਛੀਂ ਜਾ ਸਾਰਾ*

ਕਹਾਣੀ ਇਸ ਤਰਾਂ ਹੈ ਕਿ ਮੁਹੰਮਦ ਸਦੀਕ ਰਣਜੀਤ ਕੌਰ ਦਾ ਇਕ ਅਖਾੜਾ ਮੇਰੇ ਗੁਆਂਢੀ ਪਿੰਡ ਕੋਟਲੀ ਲੱਗਿਆ ਸੀ। ਇਕੱਠ ਬਹੁਤ ਸੀ। ਚਲਦੇ ਅਖਾੜੇ ਵਿੱਚ ਮੁਹੰਮਦ ਸਦੀਕ ਨੂੰ ਇਕ ਬਜ਼ੁਰਗ ਨੇ ਕਿਹਾ, "ਲੈ ਵੀ ਗਮੰਤਰੀਆ ਮਲਕੀ-ਕੀਮਾਂ ਸੁਣਾ।" ਅੱਗੋਂ ਸਦੀਕ ਕਹਿੰਦਾ, "ਬਜ਼ੁਰਗੋ ਮਲਕੀ-ਕੀਮਾਂ ਤਾ ਆਉਂਦਾ ਨਹੀਂ।" ਬਜ਼ੁਰਗ ਕਹਿੰਦਾ, "ਫੇਰ ਤੂੰ ਗਮੰਤਰੀ ਕਾਹਦੈਂ।"

ਸਦੀਕ ਦੇ ਗੱਲ ਰੜਕ ਗਈ ਲੁਧਿਆਣੇ ਪਹੁੰਚ ਕੇ ਸਦੀਕ ਨੇ ਚਿੱਠੇ ਲੱਭੇ ਪਰ ਗਾਉਣ ਨੂੰ ਮਲਕੀ ਕੀਮਾਂ ਨਾ ਲੱਭੇ। ਫੇਰ ਸਦੀਕ ਨੂੰ ਕਿਸੇ ਨੇ ਦੱਸਿਆ ਕਿ ਮਲਕੀ ਕੀਮਾ ਗਿਆਨੀ ਸੋਹਨ ਸਿੰਘ ਸੀਤਲ ਨੇ ਬਹੁਤ ਵਧੀਆ ਲਿਖਿਆ ਹੋਇਆ ਹੈ। ਹੁਣ ਉਹ ਲੱਭੇ ਕਿੱਥੋਂ ? ਸਦੀਕ ਨੂੰ ਪਤਾ ਲੱਗਾ ਕਿ ਰਣੀਂ ਮੁਹੱਲੇ ਸੀਤਲ ਦੀ ਪ੍ਰੈਸ ਹੈ। ਸਦੀਕ ਉੱਥੇ ਗਿਆ ਤੇ ਪ੍ਰੈਸ ਚੋਂ ਕਿਤਾਬ ਲੈ ਆਇਆ। ਮਲਕੀ ਕੀਮਾ ਮਿਲ ਗਿਆ। ਸਦੀਕ ਨੇ ਉਸਦੀ ਕੁਮੈਂਟਰੀ ਤਿਆਰ ਕੀਤੀ ਤੇ ਗੀਤ ਵੀ ਤਿਆਰ ਹੋ ਗਿਆ। ਉਹ ਜਦ ਵੀ ਇਸ ਨੂੰ ਕਿਸੇ ਸਟੇਜ਼ 'ਤੇ ਸਣਾਉਂਦਾ ਤਾਂ ਸੁੱਤੇ ਸੁੱਸਰੀ ਵਾਂਗ ਸੌਂ ਜਾਂਦੇ।

ਸਦੀਕ, ਰਣਜੀਤ ਕੌਰ ਇਸ ਗੀਤ ਨੂੰ ਐਚ. ਐਮ. ਵੀ. ਵਿੱਚ ਰਿਕਾਰਡ ਕਰਵਾ ਆਏ। ਹੁਣ ਕੰਪਨੀ ਨੂੰ ਗੀਤਕਾਰ ਦੇ ਦਸਤਖ਼ਤ ਚਾਹੀਦੇ ਸਨ। ਕੰਪਨੀ ਵਾਲਿਆਂ ਨੇ ਸਦੀਕ ਨੂੰ ਗੀਤਕਾਰਾਂ ਵਾਲਾ ਐਗਰੀਮੈਂਟ ਫਾਰਮ ਦੇ ਦਿੱਤਾ ਕਿ ਇਸ ਤੇ ਗੀਤਕਾਰ ਦੇ ਦਸਤਖ਼ਤ ਕਰਵਾ ਕੇ ਦੇ ਜਾਵੋ। ਸਦੀਕ ਉਹ ਫਾਰਮ ਲੈ ਕੇ ਜਦੋਂ ਗਿਆਨੀ ਜੀ ਕੋਲ ਗਿਆ ਤਾਂ ਗਿਆਨੀ ਜੀ ਕਹਿੰਦੇ ਤੁਸੀਂ ਮੇਰਾ ਗੀਤ ਮੈਨੂੰ ਬਿਨਾ ਪੁੱਛੇ ਰਿਕਾਰਡ ਕਿਉਂ ਕਰਵਾਇਆ ? ਹੁਣ ਕੰਪਨੀ ਕੋਲ ਗੀਤਕਾਰ ਦੇ ਦਸਤਖ਼ਤ ਹੈ ਨਹੀਂ, ਗਿਆਨੀ ਜੀ ਨੇ ਦਸਤਖ਼ਤ ਕੀਤੇ ਨਾ। ਕੰਪਨੀ ਨੇ ਰਿਕਾਰਡ ਰੀਲੀਜ਼ ਕਰਨਾ ਸੀ। ਇਸ ਕਰਕੇ ਉਹਨਾਂ ਨੇ ਆਪਣਾ ਪੱਖ ਸੁਰੱਖਿਅਤ ਕਰਨ ਵਾਸਤੇ ਇਸਤੇ 'ਪ੍ਰੰਪਰਿਕ' ਲਿਖ ਦਿੱਤਾ।

ਉਸ ਤੋਂ ਬਾਅਦ ਇਕ ਸਰਕਾਰੀ ਪ੍ਰੋਗਰਾਮ 'ਤੇ ਮੁਹੰਮਦ ਸਦੀਕ ਨੇ ਕੁਮੈਂਟਰੀ ਕਰ ਕੇ ਜਦੋਂ ਇਹ ਗੀਤ ਰਣਜੀਤ ਕੌਰ ਨਾਲ ਗਾਇਆ ਤਾਂ ਇਤਿਫਾਕਨ ਗਿਆਨੀ ਸੋਹਣ ਸਿੰਘ ਸੀਤਲ ਜੀ ਵੀ ਸਾਹਮਣੇ ਬੈਠੇ ਸਨ। ਜਦੋਂ ਗੀਤ ਖ਼ਤਮ ਹੋਇਆ ਤਾਂ ਗਿਆਨੀ ਜੀ ਨੇ ਸਦੀਕ ਨੂੰ ਬੁੱਕਲ 'ਚ ਲੈ ਲਿਆ ਤੇ ਕਹਿੰਦੇ,

"ਲਿਆ ਪੁੱਤਰਾ ਜਿੱਥੇ ਮਰਜ਼ੀ ਦਸਤਖ਼ਤ ਕਰਵਾ ਲੈ, ਤੂੰ ਤਾਂ ਮੇਰੇ ਗੀਤ ਵਿੱਚ ਜਾਨ ਹੀ ਪਾ ਦਿੱਤੀ।"

ਮੈਂ ਪਾਠਕਾਂ ਦੀ ਦਿਲਚਸਪੀ ਲਈ ਦੱਸਣਾ ਚਾਹੁੰਦਾ ਹਾਂ ਕਿ ਮੁਹੰਮਦ ਸਦੀਕ ਤੇ ਰਣਜੀਤ ਕੌਰ ਤੋਂ ਪੰਦਰਾਂ ਵਰ੍ਹੇ ਪਹਿਲਾਂ ਵੀ ਇਹ ਗੀਤ ਬਸੰਤ ਕੁਮਾਰ ਗਾਇਕ ਦੀ ਆਵਾਜ਼ ਵਿੱਚ Hindustan M. Productc Ltd. ਕੰਪਨੀ ਵਿੱਚ ਰਿਕਾਰਡ ਹੋ ਚੁੱਕਿਆ ਸੀ ਪਰ ਉਹ ਚੱਲਿਆ ਨਹੀਂ। ਬਸੰਤ ਕੁਮਾਰ ਜੀ ਗਾਇਕਾ ਸੁਮਨ ਦੱਤਾ ਦੇ ਪਿਤਾ ਸਨ। ਪਾਠਕੋ ! ਬਸੰਤ ਕੁਮਾਰ ਵਾਲਾ ਰਿਕਾਰਡ ਵੀ ਮੇਰੀ ਲਾਇਬਰੇਰੀ ਵਿੱਚ ਮੌਜੂਦ ਹੈ ਜਿਸਦਾ ਲੜੀ ਨੰਬਰ: H. 3043 ਹੈ।

ਇਸ ਤੋਂ ਬਾਅਦ ਤਾਂ ਇਸ ਗੀਤ ਨੂੰ ਪੰਜਾਬ ਦੇ ਹਰ ਕਲਾਕਾਰ ਨੇ ਸਟੇਜ਼ਾਂ ਤੇ ਗਾਇਆ, ਫਾਈਨਟੋਨ ਕੰਪਨੀ ਦੇ ਮਾਲਕ ਰਾਜਿੰਦਰ ਸਿੰਘ ਨੇ ਇਸੇ ਗੀਤ ਨੂੰ ਦਿਲਜੀਤ ਦੁਸਾਂਝ ਤੇ ਸੁਦੇਸ਼ ਕੁਮਾਰੀ ਦੀ ਆਵਾਜ਼ ਵਿੱਚ ਦੁਬਾਰਾ ਵੀ ਰਿਕਾਰਡ ਕੀਤਾ।

ਇਹ ਤਾਂ ਸੀ ਇਸ ਗੀਤ ਮਲਕੀ-ਕੀਮਾ ਦੀ ਕਹਾਣੀ। ਆਓ ਹੁਣ ਇਸਦੇ ਗੀਤਕਾਰ ਗਿਆਨੀ ਸੋਹਣ ਸਿੰਘ ਸੀਤਲ ਜੀ ਬਾਰੇ ਗੱਲ ਕਰੀਏ।

ਸੋਹਣ ਸਿੰਘ ਦਾ ਜਨਮ ਮਾਤਾ ਸ਼੍ਰੀ ਮਤੀ ਦਿਆਲ ਕੌਰ ਜੀ ਦੀ ਕੁੱਖੋਂ ਪਿਤਾ ਸਰਦਾਰ ਖੁਸ਼ਹਾਲ ਸਿੰਘ ਦੇ ਘਰ ਅਣਵੰਡੇ ਪੰਜਾਬ ਵਿੱਚ ਕਾਦੀਵਿੰਡ ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ ਵਿਖੇ 7 ਅਗਸਤ 1909 ਨੂੰ ਹੋਇਆ। ਸੋਹਣ ਸਿੰਘ ਨੇ ਪਿੰਡ ਦੇ ਗ੍ਰੰਥੀ ਸਿੰਘ ਤੋਂ ਪੰਜਾਬੀ ਪੜ੍ਹਨੀ ਸਿੱਖੀ। 1930 ਵਿੱਚ ਸੋਹਣ ਸਿੰਘ ਨੇ ਗੌਰਮਿੰਟ ਹਾਈ ਸਕੂਲ ਕਸੂਰ ਤੋਂ ਦਸਵੀਂ ਕੀਤੀ। ਦਸਵੀਂ ਕਰਨ ਤੋਂ ਪਹਿਲਾਂ ਹੀ 10 ਸਤੰਬਰ 1927 ਨੂੰ ਸੋਹਣ ਸਿੰਘ ਦਾ ਵਿਆਹ ਬੀਬੀ ਕਰਤਾਰ ਕੌਰ ਨਾਲ ਹੋ ਗਿਆ ਸੀ। ਸਕੂਲ ਵਿੱਚ ਪੜ੍ਹਦਿਆਂ ਹੀ ਮੌਲਵੀ ਫ਼ਕੀਰ ਹੁਸੈਨ ਨਾਲ ਮੇਲ ਮਿਲਾਪ ਹੋ ਗਿਆ ਉਹਨਾਂ ਦੀ ਪ੍ਰੇਰਣਾ ਸਦਕਾ ਸੋਹਣ ਸਿੰਘ ਉਰਦੂ ਵਿੱਚ ਕਵਿਤਾਵਾਂ ਲਿਖਣ ਲੱਗ ਪਿਆ ਜਿਵੇਂ:

*ਮਰਨੇ ਕੇ ਬਾਅਦ 'ਸੀਤਲ', ਆਪਨੀ ਕਰੇਂਗੇ ਕੋਈ*
*ਕਰਤੇ ਹੈਂ ਹਮ ਜਹਾਂ ਮੇਂ, ਗੁਜ਼ਰੇ ਹੂਏਂ ਕੀ ਬਾਤੇਂ*

ਸੱਤਵੀਂ ਅੱਠਵੀਂ ਦੇ ਵਿਦਿਆਰਥੀ ਲਈ ਇਹੋ ਜਿਹੇ ਸ਼ੇਅਰ ਕਹਿਣੇ ਬਹੁਤ ਵੱਡੀ ਗੱਲ ਹੈ। 1928 ਵਿੱਚ ਉਹਨਾਂ ਦੀ ਪਹਿਲੀ ਕਵਿਤਾ ਕਲਕੱਤੇ ਤੋਂ ਛਪਦੇ ਮਾਸਿਕ ਪੱਤਰ 'ਕਵੀ' ਵਿੱਚ ਛਪੀ। ਬੱਸ ਇੱਥੋਂ ਹੀ ਸੀਤਲ ਸਾਹਿਬ ਦੀ ਸ਼ਾਇਰੀ ਦਾ ਪਹੁ-ਫੁਟਾਲਾ ਹੋ ਗਿਆ ਸੀ। 1933 ਵਿੱਚ ਸੋਹਣ ਸਿੰਘ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਪਾਸ ਕੀਤੀ ਤੇ ਸੋਹਣ ਸਿੰਘ ਸੀਤਲ ਤੋਂ ਗਿਆਨੀ ਸੋਹਣ ਸਿੰਘ ਸੀਤਲ ਬਣ ਗਏ। 1934 ਵਿੱਚ ਗਿਆਨੀ ਜੀ ਨੇ ਸਿੱਖ ਪ੍ਰਚਾਰਕ ਵੱਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਬਾਬਾ ਚਿਰਾਗਦੀਨ ਜੋ ਕਾਦੀਵਿੰਡ ਤੋਂ ਸੱਤ ਅੱਠ ਮੀਲ ਦੂਰ 'ਲਲਿਆਣੀ' ਪਿੰਡ ਤੋਂ ਸਨ, ਉਹਨਾਂ ਤੋਂ ਸੋਹਣ ਸਿੰਘ ਨੇ ਢੱਡ ਸਾਰੰਗੀ ਦੀ ਸਿਖਲਾਈ ਲਈ ਅਤੇ 1935 ਵਿੱਚ ਤਾਂ ਗਿਆਨੀ ਜੀ ਨੇ ਢਾਡੀ ਜੱਥਾ ਬਣਾ ਲਿਆ ਸੀ। ਢਾਡੀ ਜਥਾ ਬਣਾ ਕੇ ਉਹਨਾਂ ਨੇ ਦੂਰ-ਦੁਰਾਡੇ ਜਾ ਕੇ ਪ੍ਰਚਾਰ ਕੀਤਾ ਬਹੁਤ ਲੋਕਾਂ ਨਾਲ ਮੇਲ ਮਿਲਾਪ ਹੋਇਆ। ਚੰਗੇ ਮੰਦੇ ਅਨੁਭਵ ਇਕ ਲੇਖਕ ਲਈ ਜ਼ਮੀਨ ਦਾ ਕੰਮ ਕਰਦੇ ਹਨ। ਭਾਵੇਂ ਗਿਆਨੀ ਜੀ ਨੇ ਸੱਤਰ-ਅੱਸੀ ਦੇ ਕਰੀਬ 'ਵਾਰਾਂ' ਲਿਖੀਆਂ ਅਤੇ ਧਾਰਮਿਕ ਲਿਖਦੇ ਤੇ ਗਾਉਂਦੇ ਸਮੇਂ ਕਿਸੇ ਨੇ ਇਹ ਤਾਂ ਸੋਚਿਆ ਈ ਨਹੀਂ ਕਿ ਗਿਆਨੀ ਜੀ ਦੇ ਅੰਦਰ ਇਕ ਬਹੁਤ ਵੱਡਾ ਸਾਹਿਤਕਾਰ ਵੀ ਬੈਠਾ ਹੈ।

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਚੱਕ ਅੰਕਲ, ਚਕਾ ਅੰਕਲ, ਚੱਕ ਅੰਕਲ, ਚਕਾ ਅੰਕਲ ਕਰਦਿਆਂ ਨੂੰ ਆਥਣ ਦੇ ਚਾਰ ਵੱਜਗੇ

ਹੁਣ ਤਾਂ ਲੋਕਾਂ ਦਾ ਘਰੋਂ ਬਾਹਰ-ਅੰਦਰ ਜਾ ਜਾਣਾ ਕਰਕੇ ਵਾਹਵਾ ਫਰਕ ਪੈਗਿਆ, ਪਹਿਲਾਂ ਆਲੇ ਟੈਮਾਂ 'ਚ ਥੋਨੂੰ ਪਤਾ ਈ ਐ ਜਿਵੇਂ ਸਿਸਟਮ ਹੁੰਦਾ ਸੀ। ਜਿਵੇਂ ਗਿਆਨੀ ਗੁਰਦਿੱਤ ਸਿੰਘਜੀ ਆਪਣੀ ਕਿਤਾਬ ਮੇਰਾ ਪਿੰਡ'ਚ ਲਿਖਦੇ ਐ ਕਿ ਜਦੋਂ ਕੁੜੀਆਂ ਨਵੀਆਂ-ਨਵੀਆਂ ਮਾਸਟਰਨੀਆਂ ਲੱਗਣ ਲੱਗੀਆਂ ਸੀ ਤਾਂ ਹਰੇਕ ਮੂੰਹ ਤੇ ਦੰਦ-ਕਥਾ ਚੱਲਿਆ ਕਰੇ। ਜਿਹੜੇ ਪਿੰਡ ਕੁੜੀ ਪੜ੍ਹਾਉਣ ਜਾਇਆ ਕਰੇ ਓਥੋਂ ਦੀਆਂ ਬੁੜ੍ਹੀਆਂ ਦੇ ਤਾਂ ਮੂੰਹ ਟੱਡੇ ਰਹਿ ਜਿਆ ਕਰਨ। ਇੱਕ-ਦੂਜੀ ਕੋਲੇ ਕਹਿੰਦੀਆਂ ਫਿਰਿਆ ਕਰਨ ਅਕੇ ਭੈਣੇ ਆਹ ਕੁੜੀਆਂ ਭਲੇ ਘਰਾਂ ਦੀਆਂ ਤਾਂ ਲਗਦੀਆਂ ਨੀ ਜਿਹੜੀਆਂ ਐਂ ਤੁਰੀਆਂ ਫਿਰਦੀਐਂ, ਕੀ ਸ਼ਰਮ ਲਾਹੀ ਐ, ਕੱਲੀ ਕੈਹਰੀ ਕੁੜੀ ਨੂੰ ਬੇਗਾਨਾ ਪਿੰਡ ਕੀ ਆਖੇ।

ਇੱਕ ਵਾਰੀ ਕਿਸੇ ਗਾਇਕ ਨੂੰ ਕਹਿਤਾ ਕਿਸੇ ਨੇ ਅਕੇ ਜੇ ਮੈਕ 'ਚ ਗਾਂਏਂਗਾ ਤਾਂ ਤੇਰੀ ਵਾਜ ਖਿੱਚਲੂ ਉਹ। ਉਹ ਡਰਦਾ ਗਾਵੇ ਨਾ ਤੇ ਫਿਰ ਨਾਲਦਿਆਂ ਨੇ ਮਸਾਂ ਸਮਝਾਇਆ ਵੀ ਐਹੋ ਜੀ ਕੋਈ ਗੱਲ ਨੀ।



ਹੁਣ ਥੋਨੂੰ ਸਾਡੇ ਪਿੰਡ ਦੀ ਸੁਣੌਨਾ। ਵਾਹਵਾ ਪੁਰਾਣੀ ਗੱਲ ਐ ਕੇਰਾਂ ਸਾਡੇ ਪਿੰਡ ਸਰਪੰਚ ਕੋਲੇ ਕੋਈ ਪੜ੍ਹਿਆ-ਲਿਖਿਆ ਮੁੰਡਾ ਆ ਗਿਆ। ਉਹ ਬੈਠਾ ਸਰਪੰਚ ਨਾਲ ਗੱਲਾਂ ਕਰੀ ਗਿਆ ਤੇ ਗੱਲ-ਗੱਲ ਤੇ ਸਰਪੈਂਚ ਨੂੰ ਅੰਕਲ-ਅੰਕਲਆਖੀ ਗਿਆ। ਹਾੜੀ ਦੀ ਰੁੱਤ ਸੀ। ਕੋਲੇ ਈ ਸਰਪੰਚ ਦੇ ਸੀਰੀ ਕਣਕ ਦੀਆਂ ਭਰੀਆਂ ਚੱਕਣ ਵਾਸਤੇ ਖੇਤ ਜਾਣ ਦੀ ਤਿਆਰੀ ਕਰੀ ਜਾਣ। ਉਹਨਾਂ ਨੇ ਅੰਕਲਸ਼ਬਦ ਪਹਿਲੀ ਵਾਰੀ ਸੁਣਿਆ ਸੀ। ਉਹਨਾਂ ਨੂੰ ਹੋ ਗਿਆ ਵੀ ਕਿਤੇ ਬਾਹਲੇ ਪੈਸੇ ਆਲੇ ਅਮੀਰ ਬੰਦੇ ਨੂੰ ਅੰਕਲਕਹਿੰਦੇ ਐ। ਚਲੋ ਤਿਆਰੀ ਕਰਕੇ ਦੋਵੇਂ ਦਸ ਕੁ ਵਜਦੇ ਨੂੰ ਖੇਤ ਬਾਗੇ। ਦੋਵਾਂ ਨੇ ਰੈਅ ਜੀ ਕਰਲੀ ਬੀ ਊਂ ਤਾਂ ਆਪਾਂ ਸਾਰੀ ਉਮਰ ਖੇਤਾਂ ਚੀ ਰੁਲਣੈ ਕਿਉਂ ਨਾ ਅੱਜ ਇੱਕ ਦੂਜੇ ਨੂੰ ਅੰਕਲਕਹਿ ਕੇ ਘੱਟੋ-ਘੱਟ ਅਮੀਰਾਂ ਆਲੀ ਫੀਲਿੰਗ ਤਾਂ ਲੈਲੀਏ। ਓਹੀ ਗੱਲ ਦਸ ਕੁ ਵਜੇ ਲਾਗੇ ਭਰੀਆਂ ਚੱਕਣ। ਚਕਾਉਣ ਆਲਾ ਆਖੇ:- ਚੱਕ ਅੰਕਲ। ਚੱਕਣ ਆਲਾ ਆਖੇ:- ਚਕਾ ਅੰਕਲ। ਚੱਕ ਅੰਕਲ, ਚਕਾ ਅੰਕਲ, ਚੱਕ ਅੰਕਲ, ਚਕਾ ਅੰਕਲ ਕਰਦਿਆਂ ਨੂੰ ਆਥਣ ਦੇ ਚਾਰ ਵੱਜਗੇ। ਚਾਰ ਕੁ ਵਜੇ ਜਦੋਂ ਸਰਪੰਚ ਦਾ ਤੀਜਾ ਸੀਰੀ ਚਾਹ ਲੈ ਕੇ ਗਿਆ ਤਾਂ ਗਾਂਹਾਂ ਜਾਂਦੇ ਨੂੰ ਚੱਕ ਅੰਕਲ, ਚਕਾ ਅੰਕਲ, ਚੱਕ ਅੰਕਲ, ਚਕਾ ਅੰਕਲ ਹੋਈ ਜਾਵੇ। ਉਹ ਕੋਲੇ ਜਾ ਕੇ ਕਹਿੰਦਾ ਹਾਅ ਕੀ ਅੰਕਲ-ਅੰਕਲ ਲਾਈ ਐ ਓਏ ? ਮੂਹਰੋਂ ਭਰੀ ਚਕਾਉਣ ਆਲਾ ਪਰਨਾ ਜਾ ਲਾਹ ਕੇ ਕਹਿੰਦਾ:- ਕੀ ਗੱਲ ਕੱਲਾ ਸਰਪੰਚ ਕੁਛ ਜਾਦਾ ਵੱਡੈ ਕਿ ਪੈਸੇ ਆਲਾ, ਅਸੀਂ ਊਂ ਵੀ ਨੀ ਅੰਕਲ ਬਣ ਸਕਦੇ ਜਰ ? ਕੇਰਾਂ ਸਾਡੇ ਪਿੰਡ ਦਾ ਇੱਕ ਨੰਬਰਦਾਰ ਕਿਸੇ ਬੰਦੇ ਕੋਲੇ ਬੈਠਾ ਗੱਲਾਂ ਕਰੀ ਜਾਵੇ। ਨੰਬਰਦਾਰ ਦੋ-ਚਾਰ ਸ਼ਬਦ ਜਾਣਦਾ ਸੀ ਅੰਗਰੇਜ਼ੀ ਦੇ। ਉਹਨਾਂ ਨੂੰ ਗੱਲਾਂ ਕਰਦਿਆਂ ਨੂੰ ਵਾਹਵਾ ਟੈਮ ਹੋਗਿਆ ਸੀ ਤੇ ਏਨੇ ਨੂੰ ਨੰਬਰਦਾਰ ਕੋਲੇ ਫੋਨ ਆ ਗਿਆ ਵੀ ਘਰੇ ਆਜਾ ਕੋਈ ਰਿਸ਼ਤੇਦਾਰ ਆਇਐ। ਨੰਬਰਦਾਰ ਉਹਨੂੰ ਕਹਿੰਦਾ ਚੰਗਾ ਫਿਰ ਬਾਈ ਕਦੇ ਫਿਰ ਮਾਰਦਾਂ ਚੱਕਰ ਹੁਣ ਘਰੇ ਜਾਣਾ ਪਊ।

ਮੂਹਰੋਂ ਉਹ ਬੰਦਾ ਕਹਿੰਦਾ ਕਿਉਂ ?

ਨੰਬਰਦਾਰ ਕਹਿੰਦਾ ਘਰੇ ਗੈਸਟ ਅਏ ਐ, ਫੇਰ ਆਂਊਂ।

ਗਾਂਹਾਂ ਮੂਹਰਲਾ ਬੰਦਾ ਅਨਪੜ੍ਹ ਸੀ। ਉਹਨੂੰ ਹੁਣ ਗੈਸਟਾਂ ਦਾ ਕੀ ਪਤਾ ਸੀ। ਉਹਨੂੰ ਹੋ ਗਿਆ ਵੀ ਕਿਤੇ ਕੋਈ ਭਾਰੀ ਸਮਾਨ-ਸਮੂਨ ਆਇਐ। ਉਹ ਮੰਜੇ ਤੋਂ ਖੜ੍ਹਾ ਹੁੰਦਾ-ਹੁੰਦਾ ਕਹਿੰਦਾ:- ਐਂ ਕਰ ਨੰਬਰਦਾਰਾ ਆਹ ਮੇਰੇ ਸੀਰੀ ਨੂੰ ਲੈਜਾ, ਵੇਹਲਾ ਈ ਐ, ਇਹ ਲਹਾਦੂ, ਕਿੱਧਰ ਐਵੇਂ ਕੱਲਾ ਮੱਥਾ ਮਾਰੀ ਜਾਂਏਂਗਾ ....

ਥੋਨੂੰ ਪਤੈ ਕਿ ਆਹ ਟੈਂਟ-ਟੁੰਟ ਤਾਂ ਥੋੜ੍ਹੇ ਜੇ ਸਾਲਾਂ ਦੇ ਲੱਗਣ ਲੱਗੇ ਐ, ਪਹਿਲਾਂ ਆਲੇ ਟੈਮਾਂ 'ਚ ਵਿਆਹਾਂ ਦਾ ਸਿਸਟਮ ਹੋਰ ਸੀ। ਹੁਣ ਤਾਂ ਚਾਹ-ਰੋਟੀ ਟੈਂਟਾਂ 'ਚ ਲਾ ਦਿੰਦੇ ਐ, ਪਹਿਲਾਂ ਖੁੱਲ੍ਹੇ ਵਿਹੜੇ 'ਚ ਪਟੀਆਂ ਵਿਛਾ ਕੇ ਲੰਗਰ ਵਾਂਗੂੰ ਰੋਟੀ ਖਵਾਈ ਜਾਂਦੀ ਤੇ ਕਾਗਜ਼, ਗੱਤੇ ਤੇ ਗਾਚਨੀ ਨਾਲ ਬਣੇ ਬੋਹਟਿਆਂਨਾਲ ਮਿਠਾਈ ਵਰਤਾਈ ਜਾਂਦੀ। ਜਿਹੜੇ ਘਰੇ ਵਿਆਹ ਹੁੰਦਾ ਓਸ ਘਰੇ ਬੁੜ੍ਹੀਆਂ ਕਿੰਨਾ ਟੈਮ ਪਹਿਲਾਂ ਈ ਕਾਗਜ਼, ਗੱਤਾ ਤੇ ਗਾਚਨੀ ਗੁੰਨ੍ਹ ਕੇ ਬੋਹਟੇ ਬਣਾ ਕੇ ਰੱਖ ਦਿੰਦੀਆਂ, ਫਿਰ ਉਹ ਮਿਠਾਈ ਵਰਤਾਉਣ ਦੇ ਤੇ ਹੋਰ ਕੰਮ ਆਉਂਦੇ।

ਕੇਰਾਂ ਸਾਡੇ ਪਿੰਡੋਂ ਬਰਾਤ ਗਈ ਕਿਤੇ। ਟੈਂਟਾਂ ਦਾ ਰਿਵਾਜ ਓਦੋਂ ਚੱਲਿਆ-ਚੱਲਿਆ ਜਾ ਸੀ। ਜਦੋਂ ਬਰਾਤ ਨੇ ਜਾ ਕੇ ਦਮ-ਦੁਮ ਲੈ ਲਿਆ ਤਾਂ ਕੁਛ ਕੁ ਬਰਾਤੀ ਸੱਜਣਾ ਨੂੰ, ਜਿੰਨ੍ਹਾਂ ਨੇ ਘਰੋਂ ਤੁਰਨ ਵੇਲੇ ਈ ਪੈੱਗ ਠੋਕ ਰੱਖੇ ਸੀ, ਭੁੱਖ ਲੱਗਿਆ ਆਈ। ਏਨੇ ਨੂੰ ਕੁੜੀ ਆਲਿਆਂ ਕੰਨੀਓਂ ਇੱਕ ਜਾਣਾ ਆਇਆ ਤੇ ਬਾਹਲੇ ਕਾਹਲਿਆਂ ਨੂੰ ਚਾਹ ਪਿਆਉਣ ਵਾਸਤੇ ਟੈਂਟ ਕੰਨੀ ਲੈ ਗਿਆ। ਸਾਰਿਆਂ ਦੇ ਸਰੀਰ ਬਣੇ ਹੋਏ ਤੇ ਕੋਈ ਪਤਾ ਨਾ ਲੱਗੇ ਵੀ ਕੀ ਹੋਈ ਜਾਂਦੈ। ਤੁਰੇ ਗਏ, ਤੁਰੇ ਗਏ ਤੇ ਗਾਂਹਾਂ ਜਾਂਦਿਆਂ ਨੂੰ ਖੁੱਲ੍ਹੇ ਜੇ ਵਿਹੜੇ 'ਚ ਟੈਂਟ ਲੱਗਿਆ ਪਿਆ। ਜਿਹੜਾ ਬੰਦਾ ਨਾਲ ਗਿਆ ਸੀ ਉਹ ਉਹਨਾਂ ਨੂੰ ਟੈਂਟ 'ਚ ਵਾੜ ਕੇ ਮੁੜਿਆ ਆਇਆ। ਟੈਂਟ 'ਚ ਚਾਹ ਤੇ ਮਿਠਾਈ ਟੇਬਲਾਂ ਤੇ ਰੱਖ ਕੇ, ਉੱਤੋਂ ਚਿੱਟੇ ਕੱਪੜੇ ਨਾਲ ਢਕੀ ਪਈ। ਬਰਾਤੀ ਸੱਜਣਾ ਨੇ ਅੱਜ ਤੱਕ ਖੁੱਲ੍ਹੇ ਵਿਹੜੇ 'ਚ ਚਾਹ ਦੇ ਲੰਗਰ ਛਕੇ ਸੀ ਤੇ ਆਹ ਟੈਂਟ ਆਲਾ ਸਾਅਬ-ਕਿਤਾਬ ਪਹਿਲੀ ਵਾਰੀ ਦੇਖਿਆ ਸੀ। ਉਹਨਾਂ ਨੂੰ ਹੋ ਗਿਆ ਵੀ ਆਹ ਤਾਂ ਕੁੜੀ ਆਲੇ ਚਾਹ ਤੋਂ ਪਹਿਲਾਂ ਸਮਾਨ ਦਿਖਾਉਂਦੇ ਐ ਜਿਹੜਾ ਕੁੜੀ ਨੂੰ ਦੇਣਗੇ। ਉਹਨਾਂ ਨੇ ਤਾਂ ਪੈਰਾਂ 'ਚੋਂ ਲਾਹੀਆਂ ਨੋਕਾਂ ਆਲੀਆਂ ਜੁੱਤੀਆਂ ਤੇ ਨੰਗੇ ਪੈਰੀਂ ਹੋ ਕੇ ਚਾਹ ਤੇ ਮਿਠਾਈ ਨੂੰ ਮੱਥਾ ਟੇਕ ਕੇ ਜਿਹੜਾ ਬੰਦਾ ਛੱਡਣ ਗਿਆ ਸੀ ਓਸੇ ਕੋਲੇ ਵਾਪਿਸ ਆ ਗੇ ਤੇ ਆ ਕੇ ਕਹਿੰਦੇ:- ਸਰਦਾਰ ਜੀ ਥੋਡਾ ਬਹੁਤ-ਬਹੁਤ ਧੰਨਵਾਦ, ਤੁਸੀਂ ਤਾਂ ਸਮਾਨ ਨਾਲ ਸਾਡਾ ਘਰ ਭਰਤਾ, ਐਨੇ ਸਮਾਨ ਨਾਲ ਤਾਂ ਬੱਲੇ-ਬੱਲੇ ਹੋਜੂ, ਇਹ ਤਾਂ ਉਮਰਾਂ ਤੱਕ ਨੀ ਮੁੱਕਣਾ, ਹੁਣ ਤੁਸੀਂ ਇਹ ਦੱਸੋ ਵੀ ਚਾਹ ਕਿੱਥੇ ਐ, ਭੁੱਖ ਬਹੁਤ ਲੱਗੀ ਪਈ ਐ ....

**ਗੁਰਵਿੰਦਰ ਮਲਕਾਣਾ।**




# ਉਹ ਵੇਲਾ ਯਾਦ ਕਰ

ਡਾ. ਬਲਵਿੰਦਰ ਕੌਰ ਬਰਾੜ
403 590 9629

*'ਛਾਤੀ ਉੱਤੇ ਟਿਕਿਆ ਸਿਰ ਕਈ ਵਾਰੀ ਪੱਥਰ ਲਗਦਾ ਹੈ,*
*ਤੇ ਇਸ ਥੱਲੇ ਦਿਲ ਦਾ ਸ਼ੀਸ਼ਾ ਕੰਕਰ ਕੰਕਰ ਲਗਦਾ ਹੈ।*
*.......ਸੁਰਿੰਦਰ ਘਣੀਆ।*

ਮੈਂ ਆਪਣੇ ਬਜ਼ੁਰਗਾਂ ਤੋਂ ਸੁਣਿਆ ਹੈ ਕਿ ਇਕ ਵਿਸਮਾਦ ਦੀ ਸਦੀ ਵੀ ਬੀਤੀ ਹੈ ,ਜਦੋਂ ਬਹੁਤੇ ਲੋਕ ਕੁਦਰਤ ਦੀ ਗੋਦ ਪਲਦੇ ਨਫ਼ੇ ਨੁਕਸਾਨ ਨੂੰ ਗੌਲੇ ਬਿਨਾਂ ਬਸ ਖੁੱਲ੍ਹ ਕੇ ਜੀਅ ਲੈਣਾ ਹੀ ਵਧੀਆ ਮੰਨਦੇ ਸੀ। ਪਰ ਅੱਜ ਤਾਂ ਲਗਦਾ ਹੈ ਅਸੀਂ ਸੰਤਾਪ ਦੀ ਸਦੀ ਵਿਚ ਜਿਉ ਰਹੇ ਹਾਂ। ਹਰ ਪਲ ਦੀ ਭਟਕਣ ਦੁਆਲੇ ਮੰਡਰਾ ਰਹੀ ਹੈ। ਬੇਚੈਨੀ ਦਾ ਬੋਲਬਾਲਾ ਹੈ। ਦੁਆਲੇ ਵਿਚਰਦੇ ਲੋਕਾਂ ਵਿਚ ਭਗਦੜ ਜਿਹੀ ਲੱਗੀ ਹੈ। ਸੋਚਾਂ ਦੀ ਉਧੇੜਬੁਣ ਵਿਚ ਉਲਝੇ ,ਉਨੀਂਦਰੇ ਜਿਹੇ, ਨੁੱਚੜੇ ਜਿਹੇ, ਅੰਦਰੋਂ ਧੁਆਂਖੇ ਜਿਹੇ ਸਭ ਤੋਂ ਹੀ ਨਾ-ਖੁਸ਼ ਹੋਏ ਲੋਕ ਕਿਉ ਨਜਰ ਆਉਂਦੇ ਨੇ ? ਸਦੀਆਂ ਦੀ ਮਿਹਨਤ ਮਗਰੋਂ ਕਿੰਨੀਆਂ ਹੀ ਪ੍ਰਾਪਤੀਆਂ ਨਾਲ ਝੋਲੀ ਭਰਕੇ ਵੀ ਅੰਦਰ ਸੱਖਣਾਪਣ ਕਿਉ ਪਸਰਿਆ ਹੈ। ਇਹ ਵਸਤਾਂ ਅੰਦਰ ਦਾ ਸਿਰ ਨਹੀਂ ਪਲੋਸਦੀਆਂ। ਅਸੀਂ ਕਿੰਨੇ ਨਾ-ਸ਼ੁਕਰੇ ਹਾਂ ਜੋ ਮਿਲ ਗਿਆ ਉਸਨੂੰ ਨਹੀਂ ,ਸਗੋਂ ਜੋ ਨਹੀਂ ਮਿਲਿਆ ਉਸੇ ਨੂੰ ਗੌਲਦੇ ਹਾਂ। ਹਰ ਸੀਨੇ ਮਾਰੂਥਲ ਵਿਛ ਰਿਹਾ ਲਗਦੈ। ਆਲੀਸ਼ਾਨ ਇਮਾਰਤਾਂ ਦੀਆਂ ਬਾਰੀਆਂ ਵਿਚੋਂ ਚਿੰਤਾ ਦੀਆਂ ਲੀਰਾਂ ਕਿਆਸੀਆਂ ਜਾ ਰਹੀਆਂ ਨੇ। ਸ਼ਾਇਦ ਸਾਡੀਆਂ ਖਾਹਿਸ਼ਾਂ ਹੋਰ ਪਰ੍ਹੇ ਹੋਰ ਹੋਰ ਹਨ। ਕਹਿ ਸਕਦੇ ਹਾਂ ਕਿ ਭੁੱਖ ਤਾਂ ਮਿਟ ਸਕਦੀ ਹੈ, ਪਰ ਹਾਬੜਾ ਲਗ ਜਾਏ ਤਾਂ ਮਿਟਣਾ ਔਖਾ ਹੈ। ਇਸੇ ਹਾਬੜੇ ਨੇ ਸਭ ਨੂੰ ਅੱਗੇ ਲਾ ਧਰਿਆ ਹੈ। ਹਰ ਕੋਈ ਚਿਹਰੇ ਤੇ ਮਰਜੂੰ ਮਰਜੂੰ ਦੀ ਇਬਾਰਤ ਹੀ ਲਿਖੀ ਫਿਰਦਾ ਹੈ। ਬੇਚੈਨੀ ਨੂੰ ਸੀਨੇ ਛੁਪਾ ਕੇ ਹੋਰਨਾਂ ਕੋਲ ਖੁਸ਼ੀ ਦਾ ਇਜ਼ਹਾਰ ਕਰਨਾ ਹੋਰ ਵੀ ਔਖਾ ਹੈ। ਇਸ ਬਨਾਵਟੀ ਵਿਹਾਰ ਨੇ ਜੀਣਾ ਹੋਰ ਵੀ ਦੁੱਭਰ ਕਰ ਰੱਖਿਆ ਹੈ। ਬਾਹਰਲੇ ਹਾਸੇ-ਤਮਾਸ਼ੇ ਮੇਲੇ ਜਸ਼ਨ ਉਸ ਮਨ ਨੂੰ ਕਦੇ ਵੀ ਕੁਤਕਤਾਰੀਆਂ ਨਹੀਂ ਕੱਢਦੇ ਜਿਸ ਅੰਦਰ ਅਣਹੋਈਆਂ ਗੱਲਾਂ ਦੇ ਅੰਬਾਰ ਲੱਗੇ ਨੇ। ਸਭ ਨੂੰ ਚਿੰਤਾ ਨੇ ਦੁਵੱਲਿਆ ਹੋਇਆ ਹੈ। ਕਿਸੇ ਨੂੰ ਔਲਾਦ ਦੇ ਹੱਥੋਂ ਨਿਕਲਣ ਦੀ ਸਮੱਸਿਆ, ਕਿਸੇ ਹੋਰ ਨੂੰ ਬੀਤੀ ਕਿਸੇ ਘਟਨਾ ਦਾ ਸੱਲ੍ਹ ਜਾਂ ਕਈਆਂ ਨੂੰ ਇਹੀ ਝੋਰਾ ਖਾਈ ਜਾਂਦੈ ਕਿ ਜੇ ਕੱਲ੍ਹ ਠੀਕ ਤਰ੍ਹਾਂ ਉਲੀਕਿਆ ਹੁੰਦਾ, ਤਾਂ ਝੂਰਨਾ ਨਾ ਪੈਂਦਾ। ਅਸੰਤੁਸ਼ਟਤਾ ਬਹੁਤ ਵਧੀ ਹੋਈ ਹੈ। ਸਵਾਰਥੀ ਸੋਚ ਨੇ ਸਭ ਨੂੰ ਸੁੰਗੇੜ ਧਰਿਆ ਹੈ। ਇਕ ਹੋਰ ਬੇਚੈਨੀ ਇਹ ਵੀ ਵਧ ਰਹੀ ਹੈ ਕਿ ਗਵਾਂਢੀ ਦਾ ਘਰ ਮੇਰੇ ਤੋਂ ਕਿਉ ਵਧ ਗਿਆ, ਮੇਰੇ ਭਰਾ ਨੇ ਵੱਡੀ ਕਾਰ ਕਿਉਂ ਖਰੀਦ ਲਈ ਜਾਂ ਮੇਰਾ ਭਤੀਜਾ, ਮੇਰੇ ਪੁੱਤਰ ਤੋਂ ਵੱਧ ਨੰਬਰ ਕਿਵੇਂ ਲੈ ਗਿਆ ? ਉਹ ਅੰਦਰੋ-ਅੰਦਰੀ ਕੁੜ੍ਹਦਾ, ਈਰਖਾ ਵਿਚ ਧੁਖਦਾ ਹੀ ਨਵੀਂ ਬੇਚੈਨੀ ਸਹੇੜ ਲੈਂਦਾ ਹੈ। ਇਕ ਹੋਰ ਸਹੇੜੀ ਹੋਈ ਬੇਚੈਨੀ ਅੰਦਰਲੀ ਬੇਈਮਾਨੀ ਦੀ ਵੀ ਹੈ। ਅੱਜ ਪ੍ਰੇਮੀ ਪ੍ਰੇਮਿਕਾ ਇਕ ਦੂਜੇ ਦੇ ਮੂੰਹ ਦੇ ਹਾਵ ਭਾਵ ਦੀ ਥਾਂ ਫੋਨ ਦੀ ਤਲਾਸ਼ੀ ਵਿਚ ਵਧ ਰੁੱਝੇ ਹਨ। ਜੇ ਅੰਦਰਲੀ ਧਰਤ ਮੈਦਾਨ ਕੀਤੀ ਹੋਵੇ ਤਾਂ ਅਜਿਹਾ ਝਾੜ ਫੂਸ ਪੈਦਾ ਹੀ ਨਾ ਹੋਵੇ।

ਜੇ ਸੋਚਿਆ ਜਾਵੇ ' ਨਾਨਕ ਦੁਖੀਆ ਸਭ ਸੰਸਾਰ' ਨਾਲ ਘਰਾਂ ਵਿਚ ਚੀਜਾਂ ਵਸਤਾਂ ਜਾਂ ਪ੍ਰਾਪਤੀਆਂ ਦਾ ਫਰਕ ਉਨੀ ਇੱਕੀ ਦਾ ਹੀ ਹੋਏਗਾ। ਵਾਧੂ ਝੋਰਾ ਪਾਲ਼ ਕੇ ਅੰਦਰ ਭਾਂਬੜ ਬਾਲ਼ ਕੇ ਕੀ ਮਿਲਦੈ ? ਰਿਸ਼ਤਿਆਂ ਵਿਚਲੇ ਗੰਧਲੇਪਣ ਨੇ ਵੀ ਬੇਚੈਨੀ ਪਾ ਰੱਖੀ ਹੈ। ਇਹ ਸਾਰੀਆਂ ਬੇਚੈਨੀਆਂ ਜਦੋਂ ਸੀਨੇ ਅੰਦਰ ਹੀ ਦਫ਼ਨ ਹੋਈ ਜਾਂਦੀਆਂ ਹਨ ਤਾਂ ਮਾਨਸਿਕ ਰੋਗ ਲਗਦੇ ਹਨ। ਫਲਸਰੂਪ ਸਮਾਜ ਵਿਚ ਅਣਹੋਣੀਆਂ ਵਾਪਰ ਰਹੀਆਂ ਸੁਣਦੇ ਹਾਂ। ਹਰ ਆਦਮੀ ਨੇ ਨਿਜ, ਜਰੂਰਤ ਤੋਂ ਵੱਧ ਪਾਲ਼ ਰੱਖਿਆ ਹੈ। ਉੱਪਰੋਂ ਸੋਸ਼ਲ ਮੀਡੀਆ ਬਲ਼ਦੀ ਤੇ ਤੇਲ ਪਾਉਣ ਦੀ ਭੂਮਿਕਾ ਨਿਭਾ ਰਿਹਾ ਹੈ। ਅੱਖਾਂ ਓਹਲੇ ਪਾਲ਼ੇ ਗਲਤ ਢੰਗ ਸੱਪ ਦੇ ਮੂੰਹ ਕੋਹੜ ਕਿਰਲੀ ਵਾਂਗ ਹੁੰਦੇ ਹਨ। ਅਜਿਹੇ ਲੋਕ ਹੋਰਾਂ ਦਾ ਤਾਂ ਕੀ, ਆਪਣੇ ਆਪ ਦਾ ਸਾਹਮਣਾ ਕਰਨੋਂ ਵੀ ਡਰਨ ਲਗਦੇ ਹਨ। ਰੱਬ ਨੂੰ ਢੱਬ ਜਾਣਦੇ ਲੋਕ ਜਿੰਦਗੀ ਸਰਲ ਨਹੀਂ ਰਹਿਣ ਦਿੰਦੇ। ਮਨਾਂ ਵਿਚ ਸੰਘਣੇ ਵਣ ਉੱਗ ਜਾਂਦੇ ਹਨ। ਸਭ ਦੇ ਮੂੰਹ ਤੇ ਅਜੀਬ ਅੱਚਵੀ ਤੇ ਬੇਚੈਨੀ ਬਣੀ ਹੋਈ ਹੈ। ਇਕ ਵਾਰੀ ਇਕ ਅਮੀਰ ਪਰਿਵਾਰ ਦੇ ਕੋਲ ਝੁੱਗੀ ਵਿਚ ਰਹਿ ਰਹੇ ਨਿੱਤ ਹੱਸਦੇ ਲੋਕਾਂ ਨੂੰ ਜਾ ਪੁੱਛਿਆ ਕਿ ਹਾਸੇ ਦਾ ਰਾਜ਼ ਕੀ ਹੈ। ਪਤੀ ਹੱਸਦੇ ਹੋਏ ਕਹਿਣ ਲੱਗਾ ਕਿ ਪਤਨੀ ਮੇਰੇ ਵੱਲ ਵੇਲਣਾ ਵਗਾਹ ਮਾਰਦੀ ਹੈ। ਜੇ ਵੇਲਣਾ ਮੇਰੇ ਲੱਗ ਜਾਏ ਤਾਂ ਇਹ ਹੱਸਦੀ ਹੈ। ਜੇ ਨਾ ਵੱਜੇ ਤਾਂ ਮੈਂ ਹੱਸਣ ਲੱਗਦਾ ਹਾਂ। ਇਉਂ ਅਸੀਂ ਰੋਜ ਹੱਸਦੇ ਹਾਂ। ਇਸਦਾ ਅਰਥ ਹੈ ਕਿ ਹੱਸਣ ਲਈ ਮਨ ਵਿਚ ਬੇਪਰਵਾਹੀ ਚਾਹੀਦੀ ਹੈ। ਨਿੱਕੇ ਨਿੱਕੇ ਵੇਰਵੇ ਹੋਰਾਂ ਨਾਲ ਸਾਂਝੇ ਕਰੋ। ਮਨ ਸਾਫ਼ ਰੱਖੋ ਅਤੇ ਲੋੜਵੰਦਾਂ ਦੀ ਲੋੜ ਤੇ ਜਾ ਖੜ੍ਹੋ ਤਾਂ ਹੀ ਇਸ ਨਿਜ ਦੀ ਕੈਦ ਤੋਂ ਛੁੱਟ ਸਕਦੇ ਹੋ। ਚੱਲ ਹੋਊ ਪਰ੍ਹੇ ਕਰਨ ਨਾਲ ਹੀ ਅਖਬਾਰਾਂ ਦੀਆਂ ਸੁਰਖ਼ੀਆਂ ਤੋਂ ਪੈਦਾ ਹੋਈ ਬੇਚੈਨੀ ਘਟ ਸਕੇਗੀ। ਅੰਦਰ ਪਲ਼ਦੇ ਫਿਕਰ ਦਾ ਜਿਕਰ ਕਰੀਏ, ਨਹੀਂ ਤਾਂ ਅੰਦਰ ਪਲ਼ਦੇ ਸੰਸਿਆਂ ਨਾਲ ਰਿਸਦੀਆਂ ਗੱਠਾਂ ਪੈ ਜਾਣੀਆਂ ਹਨ। ਤਣਾਅ, ਘੁਟਨ ਜਾਂ ਪਸਰਦੀ ਕੁੰਠ ਤੋਂ ਬਚਾਅ ਲਈ ਉਪਾਅ ਕਰਨਾ ਬਣਦਾ ਹੈ। ਹੋਰਨਾਂ ਤੋਂ ਤੰਦਾਂ ਨਾ ਸਮੇਟੋ ਤੇ ਪੌਜ਼ਟਿਵ ਨਜ਼ਰ ਨਾਲ ਹੀ ਵਿਚਰੋ। ਸੋਚ ਮੋਕਲੀ ਕਰਦੇ ਰਹੋ।

ਗੁਰਭਜਨ ਗਿੱਲ ਅਨੁਸਾਰ --

*ਫਾਸਲਿਆਂ ਨੇ ਖਾ ਜਾਣਾ ਏ, ਆ ਜਾ ਆਪਣੇ ਕੋਲ ਖਲੋਈਏ।*
*ਕਰਕੇ ਸੁਰਤ ਇਕਾਗਰ ਖੁਦ ਨੂੰ, ਨਵੇਂ ਸਿਰੇ ਤੋਂ ਮੁੜ ਕੇ ਗੋਈਏ।*

**ਕਨੇਡੀਅਨ ਸੱਥ**

# ਪ੍ਰਧਾਨ ਮੰਤਰੀ ਵੀ ਕੁਰਸੀ ਨਾਲ ਫੈਵੀਕੋਲ ਲਾ ਕੇ ਬੈਠੇ ਹਨ


ਅਸ਼ੀਸ਼ ਨਰੂਲਾ
1 204 890 5040

ਅਲਬਟਰਾ ਸੂਬੇ ਵਿੱਚ ਰਹਿਣ ਵਾਲਾ ਹਰ ਨਾਗਰਿਕ ਪ੍ਰਮੁੱਖ ਕੰਪਨੀਆ ਐਨਮੈਕਸ ਅਤੇ ਐਟਕੋ ਬਾਰੇ ਜ਼ਰੂਰ ਜਾਣਦਾ ਹੋਵੇਗਾ। ਲੰਘੇ ਦਿਨੀ ਇਹਨਾਂ ਵਿਚੋਂ ਇੱਕ ਕੰਪਨੀ ਐਟਕੋ ਦੀ ਜਾਲਸਾਜੀ ਦਾ ਪਰਦਾ ਫਾਸ਼ ਹੋਇਆ ਹੈ। ਜੇਕਰ "ਕੋਈ ਮਰੇ ਤੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ" ਕਿਹਾ ਜਾਵੇ ਤਾਂ ਗਲਤ ਨਹੀਂ ਹੋਵੇਗਾ। ਇਸ ਕੰਪਨੀ ਨੇ ਸੂਬੇ ਦੇ ਦੋ ਵੱਖ ਵੱਖ ਪ੍ਰੋਜੈਟਾਂ ਵਿੱਚ ਯੂਟਿਲਟੀ ਬੋਰਡ ਨੂੰ ਗੁੰਮਰਾਹ ਕਰਨ ਦੀ ਸੂਰਤ ਵਿੱਚ 3 ਮਿਲੀਅਨ ਡਾਲਰ ਦਾ ਜੁਰਮਾਨੇ ਦਾ ਭੁਗਤਾਨ ਕਰਨਾ ਹੋਵੇਗਾ। ਕੰਪਨੀ ਨੇ ਅਣ-ਅਰਜਿਤ ਦਰਾਂ ਦੇ ਵਾਧੇ ਲਈ 4 ਮਿਲੀਅਨ ਡਾਲਰ ਮੁਆਵਜੇ ਵੱਜੋ ਵਾਪਸ ਕਰਨ ਲਈ ਵੀ ਹਾਮੀ ਭਰੀ ਹੈ। ਹੁਣ ਜੇਕਰ ਕੋਈ ਗਲਤ ਨਹੀਂ ਤਾਂ ਸਜਾ ਕਿਸ ਗੱਲ ਦੀ, ਸੋ ਇਹ ਵੱਡੇ ਕਾਰਪੋਰੇਟਰ ਪੈਸਾ ਇਕੱਠਾ ਕਰਨ ਲਈ ਪਤਾ ਨ੍ਹੀ ਕੀ ਕੀ ਹੱਥਕੰਡੇ ਵਰਤਦੇ ਹਨ। ਕੰਪਨੀ ਨੇ ਮੰਨਿਆ ਹੈ ਕਿ ਯੁਟਿਲਟੀ ਬੋਰਡ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਇਹ ਬੇ ਨਿਯਮੀਆਂ 2013-2017 ਦੇ ਦਰਮਿਆਨ ਹੋਈਆਂ ਦੱਸੀਦੀਆਂ ਹਨ ਅਤੇ ਕੰਪਨੀ ਨੇ ਹੋਣ ਵਾਲੇ ਖਰਚਿਆਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਹੈ। ਇਹ ਖਰਚੇ ਵਧਾ ਚੜਾ ਕੇ ਪੇਸ਼ ਕਰਕੇ ਛਿੱਲ ਲੋਕਾਂ ਦੀ ਲਾਉਣੀ ਹੈ। ਕੰਪਨੀ ਨੇ ਅੰਤਰਜਾਮੀ ਬਣ ਤਿੰਨ ਸਾਲ ਪਹਿਲਾ ਹੀ ਭਵਿੱਖ ਵਿੱਚ ਹੋਣ ਵਾਲੇ ਖਰਚਿਆਂ ਦੀ ਰਿਪੋਟ ਪਹਿਲਾ ਹੀ ਦੇ ਦਿੱਤੀ। ਇਸ ਦਾ ਮਤਲਬ ਇਹ ਹੈ ਕਿ 2015 ਤੋਂ ਹੀ ਖਪਤਕਾਰ ਵਧੀਆ ਦਰਾਂ ਨਾਲ ਭੁਗਤਾਨ ਕਰ ਰਹੇ ਹਨ। ਪਤਾ ਨਹੀ ਇਹਨਾਂ ਵੱਡੇ ਮਗਰਮੱਛਾਂ ਦੇ ਢਿੱਡ ਕਿੰਨੇ ਕੁ ਵੱਢੇ ਹਨ ਅਤੇ ਕਿਵੇਂ ਭਰਨੇ ਹਨ। ਲੋਕਾਂ ਦਾ ਖਰਚਿਆਂ ਨੇ ਕਚੂੰਬਰ ਕੱਢਿਆ ਹੋਇਆ ਹੈ। ਹੁਣ ਜਦੋ ਕੰਪਨੀ ਖਪਤਕਾਰਾਂ ਦੁਆਰਾ ਕੀਤੇ ਭੁਗਤਾਨ ਦੀ ਵਾਪਸੀ ਕਰੇਗੀ ਉਦੋਂ ਦੇਖਿਆ ਜਾਵੇਗਾ। ਪਰ ਇਸ ਤਰਾਂ ਕਰਨ ਨਾਲ ਸਜਾਵਾਂ ਫਿਰ ਭਾਂਵੇ ਉਹ ਕਿਸੇ ਵੀ ਰੂਪ ਵਿੱਚ ਹੋਣ ਮਿਲਣੀਆ ਚਾਹੀਦੀਆਂ ਹਨ।

ਸਾਡੇ ਗੁਆਂਡੀ ਮੁਲਕ ਅਮਰੀਕਾ ਵਿੱਚ ਵੀ ਚੋਣਾਂ ਦਾ ਸੀਜਨ ਚੱਲ ਰਿਹਾ ਹੈ ,ਬਜੁਰਗ ਨੇਤਾ ਬਾਈਡਨ ਹੁਰਾਂ ਦਾ ਕੁਰਸੀ ਛੱਡਣ ਨੂੰ ਜੀਅ ਨਹੀ ਕਰ ਰਿਹਾ , ਹਾਲਾਂ ਕਿ ਪਾਰਟੀ ਦੀ ਅੱਜ ਦੀ ਮੁੱਖ ਮੰਗ ਇਹੀ ਚੱਲ ਰਹੀ ਹੈ ਕਿ ਰਾਸ਼ਟਰਪਤੀ ਦਾ ਉਮੀਦਵਾਰ ਬਦਲਿਆ ਜਾਵੇ ਜੇਕਰ ਸੱਤਾ ਤੇ ਕਾਬਜ ਹੋਣਾ ਹੈ। ਕਮਲਾ ਹੈਰਿਸ ਹੋਰਾਂ ਦਾ ਨਾਮ ਚਰਚਾ ਦਾ ਵਿਸ਼ਾ ਹੈ। ਬਜੁਰਗ ਹੋਣ ਕਾਰਨ ਮੌਜੂਦਾ ਰਾਸ਼ਟਰਪਤੀ ਹੁਰਾਂ ਨੂੰ ਪਤਾ ਹੀ ਨਹੀ ਲੱਗਦਾ ਜਬਾਨ ਵੀ ਥਿੜਕ ਜਾਂਦੀ ਹੈ ਅਤੇ ਸਰੀਰ ਵੀ , ਫਿਰ ਓਹ ਅੰਤਰਾਸ਼ਟਰੀ ਸਮਾਗਮਾਂ ਵਿੱਚ ਥਿੜਕੇ ਬਿਆਨ ਅਤੇ ਭੱਦੀ ਹਰਕਤ ਵੀ ਕਰਦੇ ਦਿਸਦੇ ਹਨ। ਇਸ ਤਰਾਂ ਕਰਨ ਨਾਲ ਪਾਰਟੀ ਦਾ ਅਕਸ ਵੀ ਖਰਾਬ ਹੁੰਦਾ ਹੈ ਅਤੇ ਕੁਰਸੀ ਤੇ ਪਹੁੰਚਣ ਦੀ ਉਮੀਦ ਕਰਨ ਵਾਲੇ ਉਮੀਦਵਾਰਾਂ ਦੀ ਪ੍ਰਤੀਤ ਵੀ। ਇਹੀ ਹਾਲ ਸਾਡੇ ਮੁਲਕ ਕਨੇਡਾ ਦਾ ਹੈ। ਸਾਡੇ ਮੌਜੂਦਾ ਪ੍ਰਧਾਨ ਮੰਤਰੀ ਵੀ ਕੁਰਸੀ ਨਾਲ ਫੈਵੀਕੋਲ ਲਾ ਕੇ ਬੈਠੇ ਹਨ। ਪਾਰਟੀ ਵਿੱਚ ਅੰਦਰੂਨੀ ਤੌਰ ਤੇ ਅਤੇ ਬਾਹਰੋ ਤਾਂ ਕਾਫੀ ਕਿਰਕਰੀ ਹੋ ਹੀ ਰਹੀ ਹੈ। ਲਿਬਰਲ ਐਮ ਪੀ ਬੈਕਬੈਚਰ ਵੇਨ ਲੌਂਘ ਨੇ ਕੌਕਕਸ ਨੂੰ ਈ ਮੇਲ ਕੀਤੀ ਹੈ ਕਿ ਟਰੂਡੋ ਹੋਰਾ ਨੂੰ ਅਸਤੀਫਾ ਦੇਣਾ ਚਾਹੀਦਾ ਹੈ ਅਤੇ ਨਵੇਂ ਲੀਡਰ ਦੀ ਚੋਣ ਕਰਨੀ ਚਾਹੀਦੀ ਹੈ ਅਤੇ ਉਹਨਾਂ ਨੇ ਇਹ ਈਮੇਲ ਸਾਰੇ ਕਿਤੇ ਸਰਕੂਲੇਟ ਕਰ ਦਿੱਤੀ ਹੈ , ਭਾਵ ਕਿ ਅੰਦਰੂਨੀ ਤੌਰ ਤੇ ਵੀ ਵਿਰੋਧ ਹੋ ਰਿਹਾ ਹੈ। ਉਧਰ ਪ੍ਰਾਈਮ ਮਿਨਸਟਰ ਦਫਤਰ ਦੀ ਉਪ ਪ੍ਰਧਾਨ ਮੰਤਰੀ ਕਰਿਸਟੀਆ ਫ੍ਰੀਲੈਂਡ ਹੋਰਾਂ ਨਾਲ ਵਧੀ ਟੈਨਸ਼ਨ ਦਾ ਮਾਮਲਾ ਸਹਾਮਣੇ ਆਇਆ ਹੈ। ਪਰ ਸਾਰੀਆਂ ਧਿਰਾਂ ਕੋਈ ਵੀ ਕੜ੍ਹੀ ਘੁਲਣ ਤੋ ਗੁਰੇਜ ਕਰਨ ਲਈ ਸਪਸਟੀਕਰਨ ਦੇ ਰਹੀਆ ਹਨ। ਟਰੂਡੋ ਹੁਰਾ ਨੇ ਹਾਲ ਹੀ ਵਿੱਚ ਬੈਕ ਆਫ ਕਨੇਡਾ ਦੇ ਗਵਰਨਰ ਜੋ ਕਿ ਉਹਨਾਂ ਦੇ ਬਹੁਤ ਨਜ਼ਦੀਕੀ ਦੱਸੀਦੇ ਹਨ ਨੂੰ ਵਿੱਤ ਮੰਤਰਾਲਾ ਦਿੱਤੇ ਜਾਣ ਦੀਆਂ ਅਫਵਾਹਾ ਦਾ ਵੀ ਖੰਡਨ ਕੀਤਾ ਅਤੇ ਬੈਂਕ ਆਫ ਕਨੇਡਾ ਦੇ ਗਵਰਨਰ ਨੂੰ ਬਹਤ ਹੀ ਸੁਝਵਾਨ ਵਿਅਕਤੀ ਦੱਸਦੇ ਹੋਏ ਕਿਹਾ ਹੈ ਕਿ ਉਹ ਜਦ ਮਰਜ਼ੀ ਸੈਟਰ ਦੀ ਸਿਆਸਤ ਵਿੱਚ ਦਾਖਲ ਹੋ ਸਕਦੇ ਹਨ ਅਤੇ ਉਹ ਬਹੁਤ ਹੀ ਕਾਬਿਲ ਵਿਅਕਤੀ ਹਨ। ਹਾਲ ਹੀ ਵਿੱਚ ਹੋਈ ਨਾਟੋ ਭਾਈਵਾਲ ਮੁਲਕਾਂ ਦੀ 75 ਵੀ ਵਰੇਗੰਢ ਅਮਰੀਕਾ ਵਿੱਚ ਮਨਾਈ। ਜਿਸ ਵਿੱਚ ਨਾਟੋ ਨੇ ਟਰੂਡੋ ਹੋਰਾਂ ਨੂੰ ਸ਼ਰਮਸਾਰ ਕੀਤਾ ਅਤੇ ਰੱਖਿਆ ਬਜਟ ਵਧਾਉਣ ਲਈ ਸਲਾਹ ਦਿੱਤੀ। ਹੁਣ ਸਾਡੇ ਆਪਣੇ ਮੁਲਕ ਵਿੱਚ ਆਮ ਲੋਕਾਈ ਦੇ ਕੀ ਹਾਲਾਤ ਹਨ ਕਿਸੇ ਤੋਂ ਲੁਕੀ ਛਿਪੀ ਗੱਲ ਨਹੀਂ ਹੈ। ਲੋਕਾਂ ਦਾ ਮਹਿੰਗਾਈ ਨਾਲ ਲੱਕ ਤੋੜਿਆ ਪਿਆ ਹੈ ਅਤੇ ਸਾਡੇ ਲੀਡਰ ਮੇਵੇ ਅੰਤਰ ਰਾਸ਼ਟਰੀ ਤੌਰ ਤੇ ਵੰਡੀ ਜਾਣ ਤਾਂ ਕਿਤੇ ਨਾ ਕਿਤੇ ਤਾਂ ਲੋਕਪ੍ਰੀਅਤਾ ਉਪਰ ਅਸਰ ਪੈਣਾ ਸੁਭਾਵਿਕ ਹੈ।

# ਰੌਬਰਟ ਨੌਾਇਟ ਬੌਬ ਐਂਡਰਾਸ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਰੌਬਰਟ ਨਾਇਟ ਬੌਬ ਐਂਡਰਾਸ**

**21 ਫ਼ਰਬਰੀ, 1921 ਨੂੰ ਕਿਊਬੈਕ ਵਿੱਚ ਪੈਦਾ ਹੋਏ ਰੌਬਰਟ ਨਾਇਟ ਬੌਬ ਐਂਡਰਾਸ ਨੇ ਆਪਣੀ ਮੁਢਲੀ ਤੇ ਉਚੇਰੀ ਪੜ੍ਹਾਈ ਕਿਊਬੈਕ ਵਿੱਚ ਹੀ ਮੁਕੰਮਲ ਕੀਤੀ। ਉਸ ਨੇ ਕੁਝ ਸਮਾਂ ਫੌਜ ਵਿੱਚ ਮੇਜਰ ਵਜੋਂ ਕੰਮ ਕੀਤਾ, ਦੂਜੀ ਸੰਸਾਰ ਜੰਗ ਵਿੱਚ ਹਿੱਸਾ ਲਿਆ ਤੇ ਮਗਰੋਂ ਬਿਜ਼ਨਸ ਦੀ ਦੁਨੀਆ ਵਿੱਚ ਦਾਖ਼ਲ ਹੋ ਗਿਆ। 1958 ਵਿੱਚ ਉਹ ਇਕ ਕਾਰ ਡੀਲਰਸ਼ਿਪ, ਗਿਬਸਨ ਮੋਟਰਜ਼ ਲਿਮਿਟਿਡ ਵੱਲੋਂ ਉਹ ਜਨਰਲ ਮੈਨੇਜਰ ਵਜੋਂ ਓਂਟੈਰੀਓ ਵਿੱਚ ਆ ਗਿਆ। 1960 ਵਿੱਚ ਉਸ ਨੇ ਇਹ ਕੰਪਨੀ ਖੁਦ ਖ਼ਰੀਦ ਲਈ। 1968 ਵਿੱਚ ਉਸ ਨੇ ਪਹਿਲੀ ਵਾਰ ਫੈਡਰਲ ਇਲੈਕਸ਼ਨ ਲੜੀ ਤੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਪੀਅਰ ਐਲਿਅਟ ਟਰੂਡੋ ਨੇ ਉਸ ਨੂੰ ਵਜ਼ੀਰ-ਏ-ਬੇਮਹਿਕਮਾ, ਭਾਵ ਬਿਨਾ ਕਿਸੇ ਵਿਭਾਗ ਤੋਂ ਮੰਤਰੀ ਮੰਡਲ ਵਿੱਚ ਸ਼ਾਮਿਲ ਕਰ ਲਿਆ। 3 ਸਾਲ ਤੱਕ ਉਹ ਟੈਕਸ-ਪੇਅਰਜ਼ ਕੋਲੋਂ ਫੈਡਰਲ ਕੈਬਿਨੇਟ ਮੰਤਰੀ ਵਜੋਂ ਤਨਖਾਹ ਲੈਂਦਾ ਰਿਹਾ ਪਰ ਉਸ ਕੋਲ ਮਹਿਕਮਾ ਕੋਈ ਵੀ ਨਹੀਂ ਸੀ। ਫਿਰ ਉਹ ਕੰਜ਼ਿਊਮਰ ਐਂਡ ਕਾਰਪੋਰੇਟ ਮਾਮਲਿਆਂ ਦਾ ਕੁਝ ਮਹੀਨੇ ਮੰਤਰੀ ਰਹਿਣ ਮਗਰੋਂ ਟਰੂਡੋ ਸੀਨੀਅਰ ਦਾ ਇਮਿਗ੍ਰੇਸ਼ਨ ਮਨਿਸਟਰ ਬਣਿਆ। ਉਸ ਵੇਲੇ ਇਸ ਨੂੰ ਮੈਨਪਾਵਰ ਐਂਡ ਇਮਿਗ੍ਰੇਸ਼ਨ ਮਨਿਸਟਰੀ ਵਜੋਂ ਜਾਣਿਆ ਜਾਂਦਾ ਸੀ। ਚਾਰ ਸਾਲ ਇਥੇ ਰਹਿਣ ਮਗਰੋਂ ਉਹ ਟ੍ਰੈਯਰੀ ਬੋਰਡ ਦਾ ਮੁਖੀ ਬਣ ਗਿਆ। 1979 ਵਿੱਚ ਉਹ ਸਿਆਸਤ ਤੋਂ ਬਾਹਰ ਹੋ ਗਿਆ ਤੇ ਮੁੜ ਬਿਜ਼ਨਸ ਵਿੱਚ ਜਾ ਸ਼ਾਮਿਲ ਹੋਇਆ ਪਰ ਇਥੇ ਉਸ ਨੂੰ ਕੈਂਸਰ ਹੋ ਗਿਆ ਤੇ ਇਸੇ ਬਿਮਾਰੀ ਨੇ ਉਸ ਦੀ 17 ਨਵੰਬਰ, 1982 ਨੂੰ ਜਾਨ ਲੈ ਲਈ। ਹੁਣ ਉਸ ਦੀ ਚਿੱਠੀ ਆਈ ਹੈ।**

ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸੰਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜ੍ਹਤਾ ਨਹੀਂ ਕਰਦਾ ਹੈ।
- ਸੰਪਾਦਕ



## ਚਿੱਠੀ ਆਈ ਹੈ
...ਅੱਗੇ ਮਿਲੇ

ਰਿਸ਼ੀ ਨਾਗਰ
587 899 1060



ਪਿਆਰੇ ਬੇਟੇ ਰਿਸ਼ੀ,

ਤੈਨੂੰ ਹੈਰਾਨੀ ਤਾਂ ਬਹੁਤ ਹੋਈ ਹੋਊ ਮੇਰੀ ਚਿੱਠੀ ਵੇਖ ਕੇ ਵੈਸੇ! ਮੇਰਾ ਅੱਜ ਜੀ ਕੀਤੈ ਕਿ ਤੈਨੂੰ ਕੈਨੇਡਾ ਦੇ ਮਲਟੀਕਲਚਰਲਿਜ਼ਮ ਤੇ ਇਮਿਗ੍ਰੇਸ਼ਨ ਬਾਰੇ ਜਾਣਕਾਰੀ ਦੇਵਾਂ। ਇਹ ਦੋਵੇਂ ਮੁੱਦੇ ਅੱਜਕੱਲ ਬੜੀ ਚਰਚਾ ਵਿੱਚ ਨੇ ਤੇ ਇਹਨਾਂ ਦੋਵਾਂ ਦੇ ਫੇਲ੍ਹ ਹੋ ਜਾਣ ਦੀਆਂ ਬੜੀਆਂ ਗੱਲਾਂ ਕੀਤੀਆਂ ਜਾ ਰਹੀਆਂ ਨੇ।

ਪਿਛਲੇ ਦਿਨੀਂ ਮੈਂ ਤੇ ਤੁਹਾਡੇ ਪ੍ਰਧਾਨ ਮੰਤਰੀ ਦੇ ਡੈਡੀ ਜੀ, ਪੀਅਰ ਐਲਿਅਟ ਟਰੂਡੋ 'ਕੱਠੇ ਈ ਸੀ ਤੇ ਅਸੀਂ ਗ਼ਰਮੀਆਂ ਦੀਆਂ ਛੁੱਟੀਆਂ ਕੱਟਣ ਲਈ ਕਈ ਸਾਬਕਾ ਮੰਤਰੀਆਂ ਦੇ ਨਾਲ ਗਏ ਸੀ ਤੇ ਉਥੇ ਅਸੀਂ ਇਕ ਐਵਈਂ-ਐਵਈਂ ਦੀ ਇਕ ਕੈਬਿਨੇਟ ਰਿਟ੍ਰੀਟ ਵੀ ਕਰ ਲਈ। ਜਿੱਦਾਂ ਤੁਹਾਡੇ ਕੈਨੇਡਾ ਵਿੱਚ ਹੁੰਦੀ ਐ ਕੈਬਿਨੇਟ ਰਿਟ੍ਰੀਟ, ਇਉਂ ਹੀ ਅਸੀਂ ਸੋਚਿਆ ਪਈ ਇਥੇ ਵੀ ਕਰ ਕੇ ਦੇਖ ਲੈਂਦੇ ਹਾਂ। ਤੁਹਾਡੇ ਤਾਂ ਭਾਈ ਟੈਕਸ-ਪੇਅਰਜ਼ ਈ ਬਹੁਤ ਦਿਆਲੂ ਐ ਤੇ ਦੇ ਦਿੰਦੇ ਐ ਖ਼ਰਚਾ ਬੇਚਾਰੇ ਪਰ ਇਥੇ ਸਾਡਾ ਪ੍ਰਬੰਧ ਯਮਰਾਜ ਹੁਰਾਂ ਨੂੰ ਕਰਨਾ ਪੈਂਦਾ।

ਰਿਸ਼ੀ, ਬਹੁਤ ਖੱਜਲ ਖੁਆਰੀ ਹੁੰਦੀ ਐ ਸਾਡੇ ਇਥੇ...ਪਹਿਲਾਂ ਤਾਂ ਸਾਬਤ ਕਰਨਾ ਪੈਂਦਾ ਕਿ ਅਸੀਂ ਧਰਤੀ ਉੱਪਰ ਵਜ਼ੀਰ ਜਾਂ ਵਜ਼ੀਰ-ਏ-ਆਜ਼ਮ ਰਹੇ ਹਾਂ ਤੇ ਫਿਰ ਸਾਨੂੰ ਕਿਤੇ ਜਾ ਕੇ ਕੈਬਿਨੇਟ ਰਿਟ੍ਰੀਟ ਕਰਨ ਦਾ ਮੌਕਾ ਮਿਲਦੈ। ਫਿਰ ਅੱਗੋਂ ਇਜਾਜ਼ਤ ਵੀ ਉਹਨਾਂ ਦੇ ਧਰਤੀ 'ਤੇ ਕੀਤੇ ਕੰਮਾਂ ਉੱਤੇ ਅਧਾਰਿਤ ਮਿਲਦੀ ਐ। ਮਸਲਨ, ਜੇ ਕਿਸੇ ਨੂੰ ਧਰਤੀ 'ਤੇ ਕੀਤੀਆਂ ਕਰਤੂਤਾਂ ਬਦਲੇ ਕੁੱਟ ਪੈਂਦੀ ਹੋਵੇ ਤਾਂ ਉਸ ਨੂੰ ਕੁੱਟਣ ਵਾਲਾ ਵੀ ਰਿਟ੍ਰੀਟ 'ਤੇ ਸਾਡੇ ਨਾਲ ਈ ਜਾਂਦਾ ਤੇ ਕੁੱਟ ਕਿਸ ਕਿਸਮ ਦੀ ਐ, ਉਸ ਦਾ ਫ਼ਰਕ ਵੀ ਕਰਨਾ ਪੈਂਦਾ ਹੈ। ਕਈ ਜਣਿਆਂ ਦੇ ਵਾਲ ਪੁੱਟਣੇ ਹੁੰਦੇ ਐ, ਕਿਸੇ ਦੇ ਪਟਾ ਫਿਰਨਾ ਹੁੰਦਾ, ਕਿਸੇ ਦੇ ਚਪੇੜਾਂ ਪੈਣੀਆਂ ਹੁੰਦੀਆਂ, ਕਈਆਂ ਨੂੰ ਦੰਦੀਆਂ ਵੱਢਣੀਆਂ ਹੁੰਦੀਆਂ..ਇਉਂ ਉਹਨਾਂ ਨੂੰ ਸਜ਼ਾ ਦੇਣ ਵਾਲੇ ਵੀ ਨਾਲ ਜਾਂਦੇ ਐ। ਖੈਰ! ਅਸੀਂ ਰਿਟ੍ਰੀਟ 'ਤੇ ਗਏ ਤੇ ਜਿਹੜੇ ਮਸਲੇ ਵਿਚਾਰੇ ਗਏ ਉਹਨਾਂ ਦੀ ਗੱਲ ਮੈਂ ਬਾਦ 'ਚ ਕਰਦਾਂ; ਪਹਿਲਾਂ ਤੈਨੂੰ ਇਸ ਦੀ ਤਹਿ ਤੱਕ ਲੈ ਜਾਵਾਂ।

ਰਿਸ਼ੀ ਬੇਟੇ! ਅਕਤੂਬਰ, 1971 ਵਿੱਚ ਸਾਡੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਤੇ ਸਾਡੇ ਆਗੂ ਰਹੇ ਪੀਅਰ ਟਰੂਡੋ ਨੇ ਮਲਟੀਕਲਚਰਲਿਜ਼ਮ ਪੌਲਿਸੀ ਦਾ ਐਲਾਨ ਕੀਤਾ ਸੀ। ਉਸ ਤੋਂ ਪਹਿਲਾਂ ਸਿਰਫ਼ ਦੋ ਹੀ ਕਲਚਰ ਹੁੰਦੇ ਸੀ - ਇਕ ਫ੍ਰੈਂਚ ਤੇ ਦੂਜਾ ਇੰਗਲਿਸ਼। ਭਾਸ਼ਾਵਾਂ ਵੀ ਦੋ ਹੀ ਸਨ: ਇਕ ਫ੍ਰੈਂਚ ਤੇ ਦੂਜੀ ਇੰਗਲਿਸ਼। ਦੋਹਾਂ ਨੂੰ ਅੱਡ ਅੱਡ ਕਰਨ ਦਾ ਕੰਮ ਵੀ ਪੀਅਰ ਟਰੂਡੋ ਨੇ ਹੀ ਕੀਤਾ ਸੀ। ਇਸ ਤੋਂ ਪਹਿਲਾਂ, ਕੈਨੇਡਾ ਦੇ ਪਹਿਲੇ ਪ੍ਰਧਾਨ ਮੰਤਰੀ ਸਰ ਜੌਨ ਏ. ਮੈਕਡੌਨੈਲਡ ਨੇ ਕਿਹਾ ਸੀ ਕਿ ਉਹ ਬਰਤਾਨਵੀ ਨਾਗਰਿਕ ਪੈਦਾ ਹੋਏ ਨੇ ਤੇ ਬਰਤਾਨਵੀ ਨਾਗਰਿਕ ਹੀ ਮਰਨਾ ਚਾਹੁੰਦੇ ਹਨ। ਉੱਧਰ ਅਮੈਰਿਕਾ ਵਿੱਚ ਰਾਸ਼ਟਰਪਤੀ ਟੌਮਸ ਜੈਫਰਸਨ ਦਾ ਕਹਿਣਾ ਸੀ ਉਹ ਅਮੈਰਿਕਾ ਤੇ ਅਮੈਰਿਕਨ ਤਿਆਰ ਕਰਨਾ ਚਾਹੁੰਦਾ ਸੀ ਪਰ ਸਾਡੇ ਵੱਲ ਕੈਨੇਡਾ ਬਣਾਉਣ ਉੱਤੇ ਤਾਂ ਜ਼ੋਰ ਚੱਲ ਰਿਹਾ ਸੀ ਪਰ ਰਹਿਣ ਨੂੰ ਬਰਤਾਨਵੀ ਹੀ ਕਿਹਾ ਜਾ ਰਿਹਾ ਸੀ। ਰਹੋ ਕੈਨੇਡਾ ਵਿੱਚ ਪਰ ਬਣੇ ਰਹੋ ਬਰਤਾਨਵੀ! ਮੈਕਡੌਨੈਲਡ ਹੁਰਾਂ ਨੇ ਕੈਨੇਡਾ ਤਾਂ ਬਣਵਾ ਲਿਆ ਪਰ ਕੈਨੇਡੀਅਨ ਤਿਆਰ ਨਹੀਂ ਕੀਤੇ।

ਹੁਣ ਇਹਨਾਂ ਦੀਆਂ ਇਹਨਾਂ ਗ਼ਲਤੀਆਂ ਵਾਸਤੇ ਉਹਨਾਂ ਨੂੰ ਹਰ ਰੋਜ਼ ਗੰਦੇ ਪਾਣੀ ਵਿੱਚ ਨਹਾਉਣਾ ਪੈਂਦੈ ਇੱਥੇ। ਉਸੇ ਪਾਣੀ ਵਿੱਚ ਪਹਿਲਾਂ ਸੂਰ ਗੋਤੇ ਲਾਉਂਦੇ ਐ ਤੇ ਮਗਰੋਂ ਮੈਕਡੌਨੈਲਡ ਹੁਰਾਂ ਨੂੰ ਵਾੜਿਆ ਜਾਂਦੈ।

ਰਿਸ਼ੀ ਬੇਟੇ, ਫ੍ਰੈਂਚ ਤੇ ਇੰਗਲਿਸ਼ ਆਪੋ ਆਪਣੇ ਕਲਚਰਾਂ ਵਿੱਚ ਡਟੇ ਰਹੇ ਤੇ ਉਹਨਾਂ ਨੇ ਮੂਲ ਨਿਵਾਸੀਆਂ ਨੂੰ ਮਧੋਲਣਾ ਸ਼ੁਰੂ ਕਰ ਦਿੱਤਾ। ਜਿਹਨਾਂ ਦਾ ਮੁਲਕ ਸੀ, ਉਹਨਾਂ ਨੂੰ ਰੋਲ ਕੇ ਰੱਖ'ਤਾ ਗਿਆ। ਜਿਹੜੀਆਂ ਪੌਲਿਸੀਆਂ ਬਣਾਈਆਂ, ਜਿਹੜੀਆਂ ਸੰਧੀਆਂ ਕੀਤੀਆਂ - ਨਾ ਉਹਨਾਂ ਵਿੱਚ ਮੂਲਨਿਵਾਸੀਆਂ ਦਾ ਕੋਈ ਯੋਗਦਾਨ ਸੀ ਤੇ ਨਾ ਹੀ ਸਹਿਮਤੀ। ਡਾਲਰਾਂ ਦਾ ਮੀਂਹ ਵਰ੍ਹਾ ਦਿੱਤਾ ਗਿਆ ਪਰ ਇਸ ਸਭ ਕਾਸੇ ਦੇ ਨਤੀਜੇ ਅੱਜ ਅਸੀਂ ਸਾਰੇ ਦੇਖ ਹੀ ਰਹੇ ਹਾਂ। ਸੋ, ਜਿਹਨਾਂ ਦਾ ਮੁਲਕ ਸੀ, ਉਹ ਤਾਂ ਜ਼ਮੀਨ ਵਿੱਚ ਗੱਡ ਦਿੱਤੇ ਗਏ। ਫਿਰ ਲੋੜ ਸੀ ਇਨਫ਼ਰਾਸਟ੍ਰਕਚਰ ਖੜ੍ਹਾ ਕਰਨ ਦੀ। ਉਸ ਵਾਸਤੇ ਚੀਨ ਤੋਂ ਲੋਕ ਸੱਦੇ ਗਏ। ਇਸ ਕਰਤੂਤ ਬਦਲੇ ਨੇਤਾਵਾਂ ਨੂੰ ਹੁਣ ਕਿਸੇ ਕਮਜ਼ੋਰ ਜਿਹੇ ਖੋਤੇ ਕੋਲੋਂ ਦੁਲੱਤੀਆਂ ਖਾਣੀਆਂ ਪੈਂਦੀਆਂ ਨੇ ਤੇ ਬੜੀ ਸ਼ਰਮ ਆਉਂਦੀ ਐ ਜਦੋਂ ਕੋਈ ਮਰੀਅਲ ਜਿਹਾ ਖੋਤਾ ਸਾਨੂੰ ਦੁਲੱਤੀਆਂ ਮਾਰਨ ਆ ਜਾਂਦੈ।

ਬੇਟੇ ਰਿਸ਼ੀ, ਇੰਗਲਿਸ਼ ਤੇ ਫ੍ਰੈਂਚ ਕਲਚਰ ਵਿੱਚ ਹੱਥੀਂ ਕੰਮ ਕਰਨਾ ਹੌਲੀ ਹੌਲੀ ਬੰਦ ਹੁੰਦਾ ਜਾ ਰਿਹਾ ਸੀ। ਇਸ ਲਈ ਚੀਨ ਤੋਂ ਸੱਦੇ ਗ਼ਰੀਬ ਲੋਕਾਂ ਨੂੰ ਨਾ ਕੋਈ ਅਧਿਕਾਰ ਦਿੱਤਾ ਗਿਆ ਤੇ ਨਾ ਹੀ ਤਾਕਤ ਤੇ ਨਾ ਹੀ ਬਣਦੀ ਵੇਜ। ਉਹਨਾਂ ਵਾਸਤੇ ਤਾਂ ਇਹ ਵੀ ਕਿਹਾ ਗਿਆ ਕਿ ਇਹ ਲੋਕ ਤਾਂ ਸਿਟਿਜ਼ਨਸ਼ਿਪ ਵਾਸਤੇ ਵੀ 'ਅਨਫਿਟ' ਹਨ। 15 ਹਜ਼ਾਰ 'ਚੀਨੇ' ਵਰਕਰ ਸੱਦੇ ਗਏ ਰੇਲ-ਰੋਡ ਤਿਆਰ ਕਰਨ ਵਾਸਤੇ। ਕੈਲਗਰੀ ਤੋਂ ਵੈਨਕੂਵਰ ਦਰਮਿਆਨ ਬਣੀ ਸੜਕ ਅਤੇ ਰੇਲ ਲਾਇਨ ਵਿਛਾਉਣ ਦੇ ਦੌਰਾਨ ਹਰ ਇਕ ਕਿਲੋਮੀਟਰ ਵਿੱਚ ਘੱਟੋ ਘੱਟ ਇਕ ਮਜ਼ਦੂਰ ਦੀ ਮੌਤ ਹੋ ਰਹੀ ਸੀ। ਪਰ ਇਸ ਗੱਲ ਦੀ ਕਿਸੇ ਨੂੰ ਚਿੰਤਾ ਨਹੀਂ ਸੀ। ਜਦੋਂ ਕੰਮ ਮੁਕੰਮਲ ਹੋ ਗਿਆ ਤਾਂ ਇਹ ਲੋਕ 4000 ਰਹਿ ਗਏ ਤੇ ਬੀਸੀ ਵੱਲ ਚਲੇ ਗਏ ਰਹਿਣ ਲਈ। ਉੱਥੇ ਇਹਨਾਂ ਕੋਲੋਂ ਲਕੜ ਮਿਲਾਂ ਵਿੱਚ ਕੰਮ ਅਤੇ ਮੱਛੀ ਪਾਲਨ ਦਾ ਧੰਦਾ ਕਰਵਾਇਆ ਗਿਆ। ਇਹਨਾਂ ਨੂੰ ਅੰਗਰੇਜ਼ੀ ਆਉਂਦੀ ਨਹੀਂ ਸੀ, ਜਿਸ ਕਰਕੇ ਇਹ ਆਮ ਕਰਕੇ ਚੁੱਪ ਹੀ ਰਹਿੰਦੇ ਸਨ ਤੇ ਹਰ ਗੱਲ 'ਤੇ 'ਯੈਸ' ਕਹਿ ਕੇ ਕੰਮ 'ਤੇ ਲੱਗ ਜਾਂਦੇ ਸਨ। ਇਹਨਾਂ ਕਰਤੂਤਾਂ ਕਰਕੇ ਸਾਡੇ ਲੀਡਰਾਂ ਨੂੰ ਦਰਖ਼ਤਾਂ ਨਾਲ ਪੁੱਠਾ ਟੰਗਿਆ ਜਾਂਦੈ ਤੇ ਉਹਨਾਂ ਨੂੰ ਕੁੱਤੇ ਆ ਕੇ ਵੱਢਦੇ ਐ। ਅਜਿਹਾ ਦਿਨ ਵਿੱਚ ਤਿੰਨ ਵਾਰ ਕੀਤਾ ਜਾਂਦੈ। ਰਿਸ਼ੀ ਤੈਨੂੰ ਕੀ ਦੱਸਾਂ, ਸਾਡੇ ਸਰੀਰਾਂ ਵਿੱਚੋਂ ਥਾਂ ਥਾਂ ਤੋਂ ਖ਼ੂਨ ਰਿਸ ਰਿਹਾ ਹੁੰਦੈ ਕਈ ਵਾਰੀ! ਬੇਟਾ ਰਿਸ਼ੀ, ਸਾਡੇ ਬੌਸ ਪੀਅਰ ਐਲਿਅਟ ਟਰੂਡੋ ਨੇ ਮਜ਼ਦੂਰਾਂ ਦੀ ਕਮੀ ਦੂਰ ਕਰਨ ਲਈ ਸਾਊਥ ਏਸ਼ੀਆ ਦੇ ਬੂਹੇ ਖੋਲ੍ਹ ਦਿੱਤੇ। ਉਹਨਾਂ ਨੂੰ ਚੰਗੀ ਕਿਸਮ ਦੇ ਨੌਕਰ ਚਾਹੀਦੇ ਸੀ। ਭਾਰਤ ਵਿੱਚ ਵੀ ਅੰਗਰੇਜ਼ ਸ਼ਾਸਨ ਰਿਹਾ ਸੀ ਤੇ ਅਜੇ ਭਾਰਤ ਦੀ ਆਜ਼ਾਦੀ ਨੂੰ ਵੀ ਵੀਹ ਕੁ ਵਰ੍ਹੇ ਹੀ ਹੋਏ ਸਨ। ਟਰੂਡੋ ਨੂੰ ਚੰਗੀ ਤਰ੍ਹਾਂ ਪਤਾ ਸੀ ਪਈ ਇਹ ਲੋਕ ਮਾਨਸਿਕ ਗ਼ੁਲਾਮੀ ਦੇ ਸ਼ਿਕਾਰ ਸਨ ਤੇ ਕੈਨੇਡਾ ਲਈ ਚੰਗੇ ਰਹਿਣਗੇ। ਉਸ ਸਮੇਂ ਤੱਕ ਏਸ਼ੀਅਨ ਲੋਕ ਸਮੱਸਿਆ ਬਣ ਰਹੇ ਸਨ ਤੇ ਨਾ ਉਹ ਅੰਗਰੇਜ਼ ਬਣ ਸਕੇ ਤੇ ਨਾ ਹੀ ਫ੍ਰੈਂਚ ਤੇ ਨਾ ਹੀ ਉਹ ਮੂਲ ਨਿਵਾਸੀਆਂ ਨਾਲ ਰਲੇ। ਇਸ ਲਈ ਅੰਗਰੇਜ਼ੀ ਜਾਂ ਅੰਗਰੇਜ਼ੀ ਕਲਚਰ ਜਾਣਨ ਵਾਲੇ ਭਾਰਤੀਆਂ ਦੀ ਲੋੜ ਮਹਿਸੂਸ ਹੋਈ। ਹੁਣ ਸੀਨੀਅਰ ਟਰੂਡੋ ਹੁਰਾਂ ਨੂੰ ਇਕ ਦਫ਼ਤਰ ਵਿੱਚ ਪਾਣੀ ਪਿਲਾਉਣ ਦਾ ਕੰਮ ਇਸ ਕੰਮ ਬਦਲੇ ਇਥੇ ਦਿੱਤਾ ਹੋਇਐ। ਉਹ ਸਾਰਾ ਦਿਨ, ਇੱਥੇ ਪਾਣੀ ਦਾ ਭਰਿਆ ਪਲਾਸਟਿਕ ਦਾ ਇਕ ਜੱਗ ਤੇ ਸਟੀਲ ਦਾ ਗਲਾਸ ਚੁੱਕੀ ਫਿਰਦੇ ਦਿਖਦੇ ਨੇ।

ਰਿਸ਼ੀ ਪੁੱਤਰ, ਉਸ ਵੇਲੇ ਸਾਡੇ ਬੌਸ ਨੇ ਕਿਹਾ ਕਿ 4 ਨੁਕਾਤੀ ਨੀਤੀਆਂ ਬਣਾਉ। ਦਰਅਸਲ ਹੋਣ ਇਹ ਲੱਗਿਆ ਸੀ ਕਿ ਫ੍ਰੈਂਚ ਲੋਕਾਂ ਨੇ ਸਾਡੇ ਲਿਬਰਲਾਂ ਦਾ ਸਾਥ ਛੱਡਣਾ ਸ਼ੁਰੂ ਕਰ ਦਿੱਤਾ ਸੀ। ਬੌਸ ਦਾ ਕਹਿਣਾ ਸੀ ਕਿ ਇਉਂ ਤਾਂ ਸਰਕਾਰ ਫਿਰ ਕਿਵੇਂ ਚੱਲੂ ਤੇ ਟਰੂਡੋ ਸੀਨੀਅਰ ਸਾਹਬ ਨੇ 'ਐਥਨਿਕ' ਪੱਤਾ ਖੇਲ੍ਹ ਕੇ ਆਪਣੀ ਰਾਜਨੀਤੀ ਪੱਕੀ ਕਰਨ ਵਾਸਤੇ ਤੁਹਾਨੂੰ ਤੇ ਤੁਹਾਡੇ ਵਰਗਿਆਂ ਨੂੰ ਸੱਦਣਾ ਸ਼ੁਰੂ ਕਰਤਾ। ਨਾਲੇ ਅੰਗਰੇਜ਼ੀ ਬੋਲੋ, ਨਾਲੇ ਮਾੜੇ-ਧੀੜੇ ਕੰਮ ਕਰਵਾਉ ਤੇ ਨਾਲੇ ਵੋਟਾਂ ਪੁਆਉ! ਭਾਰਤੀ ਸਿਸਟਮ ਸਾਡੇ ਨਾਲ ਮੇਲ ਵੀ ਖਾਂਦਾ ਸੀ। ਹੁਣ ਤੁਸੀਂ ਦੇਖੋ, ਤੁਹਾਡੇ ਕਲਚਰ ਵਾਸਤੇ ਤੁਹਾਨੂੰ ਖੁਲ੍ਹ ਐ - ਜੋ ਮਰਜ਼ੀ ਪਹਿਨੋ, ਜੋ ਮਰਜ਼ੀ ਖਾਉ, ਜਿਸ ਮਰਜ਼ੀ ਧਰਮ ਨੂੰ ਮੰਨੋ! ਆਪਣੇ ਸਕੂਲ ਖੋਲ੍ਹੋ, ਆਪਣੇ ਕਲਚਰ ਨੂੰ ਪ੍ਰੋਮੋਟ ਕਰੋ। ਤੁਹਾਨੂੰ ਅਸੀਂ ਕਨੇਡੀਅਨ ਕਲਚਰ ਨਹੀਂ ਦੇਣਾ ਤੇ ਨਾ ਹੀ ਲੈਂਗੁਏਜ। ਬਾਕੀ ਸਭ ਕੁਝ ਲੈ ਲਉ ਤੇ ਸਾਡੇ ਵਾਸਤੇ ਸਭ ਕੁਝ ਕਰੋ। ਰਿਸ਼ੀ ਬੇਟਾ, ਦੇਖੋ! ਕਿਊਬੈਕ ਵਿੱਚ ਜਦੋਂ ਵੱਖਵਾਦ ਜਾਂ ਸੈਪਰੇਟਿਜ਼ਮ ਨੇ ਖ਼ੌਰੂ ਪਾ ਦਿੱਤਾ, ਲਿਬਰਲਾਂ ਦਾ ਪੁਰਾਣਾ ਤੇ ਪੱਕਾ ਵੋਟ ਬੈਂਕ ਖੁਰਨ ਲੱਗ ਪਿਆ ਤਾਂ ਸਾਡੇ ਬੌਸ ਨੂੰ ਮਲਟੀਕਲਚਰਲਿਜ਼ਮ ਦਾ ਖਿਆਲ ਆ ਗਿਆ। ਕਿਊਬੈਕ ਵਿੱਚ ਹੋਣ ਵਾਲੇ ਨੁਕਸਾਨ ਦੀ ਭਰਪਾਈ ਤੁਹਾਡੇ ਕੋਲੋਂ ਹੋਣ ਦੀ ਉਮੀਦ ਬਣ ਗਈ। ਹੁਣ ਦੇਖੋ, ਰਿਸ਼ੀ ਬੇਟਾ, ਸਾਡੇ ਬੌਸ ਨੇ 4 ਨੁਕਾਤੀ ਨੀਤੀਆਂ ਬਣਾਈਆਂ - ਵੱਖ ਵੱਖ ਕਲਚਰਲ ਗਰੁਪਾਂ ਨੂੰ ਵਿਕਾਸ ਕਰਨ ਦਿਉ, ਉਹਨਾਂ ਨੂੰ ਸੁਸਾਇਟੀ ਵਿੱਚ ਖੁੱਲ੍ਹ ਕੇ ਹਿੱਸਾ ਪਾਉਣ ਦਿਉ ਤੇ ਰੁਕਾਵਟਾਂ ਦੂਰ ਕਰਨ ਦਿਉ, ਵੱਖ ਵੱਖ ਕਲਚਰਲ ਗਰੁਪਾਂ ਵਿੱਚ ਉਸਾਰੂ ਤਬਾਦਲਾ (ਕ੍ਰੀਏਟਿਵ ਐਕਸਚੇਂਜਿਜ਼ ਬੈਟਵਿਨ ਕਲਚਰਲ ਗਰੁਪਸ) ਹੋਣ ਦਿਉ ਤੇ ਆਖ਼ਰੀ, ਇਹਨਾਂ ਨੂੰ ਅੰਗਰੇਜ਼ੀ ਜਾਂ ਫ੍ਰੈਂਚ ਸਿਖਾਉ। ਹੁਣ ਜਦੋਂ ਅਸੀਂ ਇਧਰ ਆ ਗਏ ਹਾਂ ਤੇ ਵੱਡੇ ਟਰੂਡੋ ਸਾਹਬ ਨੂੰ ਸਾਰੀਆਂ ਗੱਲਾਂ ਪੰਜਾਬੀ ਜਾਂ ਮਲਿਆਲਮ ਭਾਸ਼ਾ ਵਿੱਚ ਦੱਸੀਆਂ ਜਾਂਦੀਆਂ ਨੇ ਤੇ ਉਹਨਾਂ ਨੂੰ ਆਪਣੇ ਪੱਲਿਓਂ ਖ਼ਰਚਾ ਕਰਕੇ ਦੁਭਾਸ਼ੀਆ ਰੱਖਣਾ ਪਿਐ ਜਿਹੜਾ ਉਹਨਾਂ ਨੂੰ ਟ੍ਰਾਂਸਲੇਸ਼ਨ ਕਰਕੇ ਦੱਸਦੈ। ਬੇਟੇ, ਸਾਡੇ ਬੌਸ ਨੇ ਫ੍ਰੈਂਚ ਤੇ ਇੰਗਲਿਸ਼ ਦਾ ਦੋ ਭਾਸ਼ੀ ਮੁਲਕ ਬਣਾ ਕੇ ਇਕ ਤਾਂ ਫ੍ਰੈਂਚ ਖੁਸ਼ ਕਰ ਲਏ, ਤੁਹਾਡੇ ਵਰਗਿਆਂ ਨੂੰ ਸੱਦ ਕੇ ਆਪਣਾ ਵੋਟ ਬੈਂਕ ਵੱਡਾ ਕਰ ਲਿਆ ਤੇ ਅੰਗਰੇਜ਼ੀ ਲਾਗੂ ਕਰਕੇ ਵੈਸਟਰਨ ਕੈਨੇਡਾ ਵਿਚਲੇ ਵਿਰੋਧੀਆਂ ਨੂੰ ਸ਼ਾਂਤ ਕਰ ਲਿਆ। ਮਤਲਬ ਕਿ ਵੰਡੋ ਤੇ ਰਾਜ ਕਰੋ ਦੀ ਸਿੱਧੀ ਸਿੱਧੀ ਪੌਲਿਸੀ ਅਪਣਾ ਲਈ। ਦੇਖੋ ਬੇਟਾ, ਭਾਰਤ ਵਾਲੇ ਇਸ ਕਰਕੇ ਖੁਸ਼ ਹੋ ਗਏ ਕਿ ਉਹਨਾਂ ਕੋਲੋਂ ਰੋਜ਼ਗਾਰ ਮੰਗਣ ਵਾਲਿਆਂ ਦੀ ਕਮੀ ਹੋ ਗਈ ਤੇ ਵਿਦੇਸ਼ੀ ਕਮਾਈ ਭਾਰਤ ਵੱਲ ਜਾਣ ਲੱਗ ਪਈ। ਉਹਨਾਂ ਦੇ ਪਿੰਡ ਖੁਸ਼ਹਾਲ ਹੋਣ ਲੱਗ ਪਏ। ਤਿੰਨੇ ਪਾਸੇ ਵਿਨ-ਵਿਨ-ਵਿਨ ਸਿਚੁਏਸ਼ਨ ਬਣ ਗਈ। ਲੋਕ ਵਿਦੇਸ਼ ਆ ਕੇ ਖੁਸ਼, ਸਾਡੀ ਸਰਕਾਰ ਵੋਟ ਬੈਂਕ ਬਣਾ-ਵਧਾ ਕੇ ਖੁਸ਼ ਤੇ ਭਾਰਤ ਸਰਕਾਰ ਵੱਖਰੀ ਖੁਸ਼ ਕਿ ਮੁਸੀਬਤ ਟਲੀ ਤੇ ਖੁਸ਼ਹਾਲੀ ਆਈ।

ਬੇਟੇ ਰਿਸ਼ੀ, ਇਹ ਤਾਂ ਸੀ ਬੈਕਗ੍ਰਾਊਂਡ ਇਮਿਗ੍ਰੇਸ਼ਨ ਦੀ। ਹੁਣ ਗੱਲ ਕਰਦੇ ਆਂ ਮੌਜੂਦਾ ਹਾਲ ਦੀ ਜਿਸ ਬਾਰੇ ਮੈਂ ਵੀ ਚਿੰਤਾ ਵਿੱਚ ਆਂ ਤੇ ਪੀਅਰ ਐਲਿਅਟ ਟਰੂਡੋ ਵੀ। ਗੱਲ ਚੱਲੀ ਕਿ ਤੁਹਾਡਾ ਪ੍ਰਧਾਨ ਮੰਤਰੀ ਤੇ ਸਾਡੇ ਬੌਸ ਦਾ ਫਰਜ਼ੰਦ ਚਾਹੁੰਦੈ ਕਿ ਕੈਨੇਡਾ ਵਿਚ ਰਹਿ ਰਹੇ ਬੇਕਾਗ਼ਜ਼ੀ ਲੋਕ ਜਿਹਨਾਂ ਨੂੰ ਤੁਸੀਂ ਸਟੇਟਸ-ਲੈੱਸ ਜਾਂ ਅਨਡੌਕੂਮੈਂਟਿਡ ਲੋਕ ਕਹਿੰਦੇ ਹੋ ਜਾਂ ਤੁਹਾਡੀ ਭਾਸ਼ਾ ਵਿੱਚ ਇਲ-ਲੀਗਲ ਲੋਕ ਪੱਕੇ ਕਰ ਦਿੱਤੇ ਜਾਣ। ਇਹਨਾਂ ਵਿਚੋਂ ਬਹੁਤਿਆਂ ਦੇ ਟੱਬਰ ਟੀਰ ਵੀ ਨੇ, ਘਰ-ਬਾਰ ਵੀ ਨੇ ਤੇ ਉਹ ਲੁੱਟਮਾਰ ਦਾ ਸ਼ਿਕਾਰ ਵੀ ਹੋ ਰਹੇ ਨੇ। ਨਾ ਉਹ ਆਪਣੀ ਬਿਮਾਰੀ ਦਾ ਇਲਾਜ ਕਰਵਾ ਸਕਦੇ ਨੇ ਤੇ ਨਾ ਹੀ ਆਪਣੀ ਹੋ ਰਹੀ ਲੁੱਟ-ਖਸੁੱਟ ਦੀ ਸ਼ਿਕਾਇਤ ਕਰ ਸਕਦੇ ਨੇ।

ਕਾਕਾ ਰਿਸ਼ੀ, ਤੁਹਾਡੇ ਪ੍ਰਧਾਨ ਮੰਤਰੀ ਨੇ ਸਾਲ 2021 ਵਿੱਚ ਉਦੋਂ ਦੇ ਇਮਿਗ੍ਰੇਸ਼ਨ ਮਨਿਸਟਰ ਸ਼ੌਨ ਫ਼ਰੇਜ਼ਰ ਨੂੰ ਕਿਹਾ ਸੀ ਕਿ ਕੱਚਿਆਂ ਨੂੰ ਪੱਕੇ ਕਰ ਦਿਉ। ਹੁਣ ਮਹਿਕਮਾ ਆ ਗਿਐ ਮਾਰਕ ਮਿਲਰ ਕੋਲ। ਉਹ ਤਾਂ ਟਰੂਡੋ ਜੂਨੀਅਰ ਦਾ ਲੰਗੋਟੀਆ ਐ। ਜਦੋਂ ਉਹ ਤਜਵੀਜ਼ ਲੈ ਕੇ ਗਿਆ ਕੈਬਿਨੇਟ ਵਿੱਚ ਤਾਂ ਸਾਰੇ ਭੂੰਡ ਛਿੜ ਗਏ। ਅਖੇ! ਇਹ ਕਿੱਦਾਂ! ਉੱਧਰ, ਜਦੋਂ ਪਤਾ ਲੱਗਿਆ ਕਿ ਕੈਨੇਡਾ ਤਾਂ ਕੱਚਿਆਂ ਨੂੰ ਪੱਕਿਆਂ ਕਰਨ ਲੱਗੈ ਤਾਂ ਕੈਨੇਡਾ ਆਉਣ ਵਾਲਿਆਂ ਦੀ ਹਨੇਰੀ ਆ ਗਈ। ਮੀਟਿੰਗ ਵਿੱਚ ਤਾਂ ਭਾਈ ਰੌਲਾ ਪੈ ਗਿਆ ਕਿ ਕੱਚੇ ਬਾਦ ਵਿੱਚ ਪੱਕੇ ਕਰ ਲਈਓ ਪਹਿਲਾਂ ਉਹ ਚੋਰ ਮੋਰੀ ਤਾਂ ਬੰਦ ਕਰੋ ਜਿਸ ਰਾਹੀਂ ਕੱਚਿਆਂ ਦਾ ਹੜ੍ਹ ਆ ਗਿਐ। ਹੁਣ ਫਿਰ ਇਸ ਗੱਲ 'ਤੇ ਰਾਇ ਬਣਾਈ ਜਾ ਰਹੀ ਐ ਕਿ ਬਹੁਤ ਪੁਰਾਣੇ ਕੱਚਿਆਂ ਨੂੰ ਪੱਕੇ ਕੀਤਾ ਜਾਵੇ, ਨਵੇਂ ਆਇਆਂ ਨੂੰ ਵਾਪਸ ਭੇਜਿਆ ਜਾਵੇ।

ਬੇਟੇ, ਦਰਅਸਲ, ਲੋਕਾਂ ਵਿੱਚ ਖਾਸ ਤੌਰ 'ਤੇ ਨੌਜਵਾਨ ਕੈਨੇਡੀਅਨਾਂ ਵਿੱਚ ਇਮਿਗ੍ਰੈਂਟਸ ਨੂੰ ਲੈ ਕੇ ਭਾਰੀ ਨਿਰਾਸ਼ਾ ਦੇਖੀ ਜਾ ਰਹੀ ਹੈ। ਤਹਾਡੀਆਂ ਹਰਕਤਾਂ ਹੀ ਅਜਿਹੀਆਂ ਨੇ। ਦਰਅਸਲ, ਅਸੀਂ ਤਾਂ ਆਪਣੇ ਬੌਸ ਪੀਅਰ ਟਰੂਡੋ ਨੂੰ ਕਿਹਾ ਵੀ ਕਿ ਇਹ ਸਭ ਕੁਝ ਤੁਹਾਡਾ ਕੀਤਾ ਧਰਿਆ ਐ। ਤੁਸੀਂ ਐਥਨਿਕ ਤਾਂ ਸੱਦ ਲਏ ਪਰ ਉਹਨਾਂ ਵਿੱਚ ਕਨੇਡੀਅਨ ਵੈਲਿਊਜ਼ ਨਾ ਭਰਨ ਦਿੱਤੀਆਂ ਤੇ ਨਾ ਹੀ ਉਹਨਾਂ ਨੂੰ ਕੈਨੇਡੀਅਨ ਬਣਨ ਦਿੱਤਾ।

ਰਿਸ਼ੀ, ਕੈਨੇਡੀਅਨ ਵੈਲਿਊਜ਼ ਤੋਂ ਚੇਤੇ ਆਇਆ, ਕੈਲਗਰੀ ਨੌਰਥ ਈਸਟ ਦੀ ਇਕ ਰਾਇਡਿੰਗ ਵਿੱਚ ਤਾਂ ਪਿਛਲੇ ਦਿਨੀਂ ਡਰਾਮਾ ਹੋਣ ਦੀ ਗੱਲ ਵੀ ਪਹੁੰਚੀ ਐ ਸਾਡੇ ਕੋਲ! ਵੱਡਾ ਟਰੂਡੋ ਤਾਂ ਦੰਦਾਂ ਹੇਠ ਉਂਗਲੀ ਲੈ ਕੇ ਸੋਚ ਰਿਹਾ ਸੀ ਕਿ ਇਹ ਕੀ ਭਾਣਾ ਵਰਤ ਗਿਆ। ਉੱਥੇ ਇਕ ਫੈਡਰਲ ਰਾਇਡਿੰਗ ਐਸੋਸੀਏਸ਼ਨ ਦੀ ਚੋਣ ਸੀ। ਇਕ ਉਮੀਦਵਾਰ ਦੇ ਭਾਪਾ ਜੀ ਸਾਰੀਆਂ ਵੋਟਾਂ ਚੁੱਕ ਕੇ ਕਿਸੇ ਦੇ ਘਰ ਜਾ ਵੜੇ ਤੇ ਉਥੇ ਜਾ ਕੇ ਗਿਣਤੀ ਕਰਵਾਈ। ਪਤਾ ਲੱਗਿਐ ਕਿ ਉਹਨਾਂ ਦੇ ਗਰੁਪ ਨੇ ਬਾਜ਼ੀ ਵੀ ਮਾਰ ਲਈ। ਏਦਾਂ ਦੀ ਰਾਇਡਿੰਗ ਐਸੋਸੀਏਸ਼ਨ ਦੀ ਚੋਣ ਤਾਂ ਪਹਿਲੀ ਵਾਰ ਹੋਈ ਸੁਣੀਦੀ ਐ ਜਿੱਥੇ ਚੋਣ ਵਾਲੀ ਥਾਂ ਕੋਈ ਸੀ ਤੇ ਵੋਟਾਂ ਗਿਣੀਆਂ ਕਿਤੇ ਹੋਰ ਗਈਆਂ ਤੇ ਉਥੇ ਸਾਰੇ ਜਣੇ ਮੌਜੂਦ ਵੀ ਨਹੀਂ ਸੀ। ਇਹ ਤਾਂ ਵੈਲਿਊਜ਼ ਤੁਹਾਡੀਆਂ। ਕਈ ਹੋਰ ਉਮੀਦਵਾਰਾਂ ਨੂੰ ਤਾਂ ਉੱਥੋਂ ਭਜਾ ਈ ਦਿੱਤਾ ਗਿਆ ਸੁਣੀਦੈ। ਭਾਪਾ ਜੀ ਨੇ ਦਿਨ ਰਾਤ ਇਕ ਕੀਤਾ ਹੋਇਐ ਪਰ ਪਿਛਲੀ ਵਾਰ ਇਹਨਾਂ ਨੇ ਡੱਕਾ ਭੰਨ ਕੇ ਦੂਹਰਾ ਨਹੀਂ ਸੀ ਕੀਤਾ ਤੇ ਹੁਣ ਫੇਰ ਵੋਟਾਂ 'ਕੱਠੀਆਂ ਕਰਨ ਲੱਗੇ ਹੋਏ ਨੇ। ਸਾਨੂੰ ਕੀ! ਪਰ ਤੂੰ ਇਹਨਾਂ ਨੂੰ ਦੱਸ ਦੇ, ਰਿਸ਼ੀ ਬੇਟਾ, ਇਧਰ ਜ਼ਿੰਦਗੀ ਏਨੀ ਸੁਖਾਲੀ ਨਹੀਂ ਜਿੰਨੀ ਇਹ ਸੋਚਦੇ ਹੋਣਗੇ। ਇਧਰ ਆ ਕੇ ਪਤਾ ਲੱਗੂ ਜਦੋਂ ਕਿਸੇ ਮਰੀਅਲ ਜਿਹੇ ਖੋਤੇ ਦੀਆਂ ਦੁਲੱਤੀਆਂ ਖਾਣੀਆਂ ਪਈਆਂ। ਚੂਲਾ ਹਿੱਲ ਜਾਂਦੈ ਸਾਰਾ! ਸਾਰੀ ਰਾਤ ਪੂਰੀ ਬੌਡੀ ਦਰਦ ਕਰਦੀ ਰਹਿੰਦੀ ਐ।

ਬੇਟੇ, ਅਜੇ ਉਹਦੀ ਗੱਲ ਚੱਲ ਈ ਰਹੀ ਸੀ ਕਿ ਯਮਦੂਤ ਦਾ ਕਾਰਿੰਦਾ ਆ ਗਿਆ ਤੇ ਮੈਨੂੰ ਇਕ ਪਾਸੇ ਲੈ ਜਾ ਕੇ ਕਹਿੰਦਾ ਪਟੇ ਖਾਣ ਦੀ ਟੈਮ ਹੋ ਗਿਐ ਤੇ ਮੀਟਿੰਗ ਬਰਖ਼ਾਸਤ ਕਰੋ ਹੁਣ। ਵਾਲ ਪੁੱਟਣ ਵਾਲਾ ਮੈਂ ਵੱਡੇ ਟਰੂਡੋ ਵੱਲ ਜਾਂਦਾ ਦੇਖਿਆ। ਦੰਦੀਆਂ ਵੱਢਣ ਵਾਲਾ ਬ੍ਰਾਇਨ ਮਲਰੋਨੀ ਦੀ ਕੁਰਸੀ ਕੋਲ ਖੜ੍ਹਾ ਸੀ। ਮੇਰਾ ਤਾਂ ਰੰਗ ਈ ਉੱਡ ਗਿਆ।

ਰਿਸ਼ੀ ਬੇਟਾ, ਮੈਂ ਭੁੱਲ ਈ ਚੱਲਿਆ ਸੀ। ਉੱਥੇ ਮੈਂ ਤੁਹਾਡੇ ਸੱਤਿਆ ਭੈਣ ਜੀ ਵੀ ਡਾਢੀ ਮੁਸੀਬਤ ਵਿੱਚ ਦੇਖੇ। ਉਹ ਤਾਂ ਜ਼ਾਰੋ ਜ਼ਾਰ ਰੋ ਰਹੀ ਸੀ। ਮੈਂ ਪੁੱਛਿਆ ਕਿ ਬੀਬੀ ਸੱਤਿਆ, ਕੀ ਗੱਲ ਹੋਈ ਤਾਂ ਉਹ ਕਹਿਣ ਲੱਗੀ ਉਹਨੂੰ ਤਾਂ ਟੈਕਨੌਲੋਜੀ ਨੇ ਮਾਰ ਸੁਟਿੱਐ। ਇਕ ਤਾਂ ਉਹਨੂੰ ਮੇਰੀ ਅੰਗਰੇਜ਼ੀ ਨਾ ਆਵੇ ਤੇ ਦੂਜੇ ਮੈਨੂੰ ਉਹਦੀ ਹਿੰਦੀ ਨਾ ਸਮਝ ਆਵੇ। ਖੈਰ...ਕਿਸੇ ਤਰ੍ਹਾਂ ਪਤਾ ਲਗਵਾਇਆ ਕਿ ਉਹਦਾ ਸੈਲ ਫੋਨ ਖੁੱਲ੍ਹਦਾ ਸੀ ਉਹਦਾ ਚਿਹਰਾ ਦੇਖ ਕੇ। ਅਸੀਂ ਕਿਹਾ ਕਿ ਮੂੰਹ ਫੋਨ ਅੱਗੇ ਕਰ ਤੇ ਸੈੱਲ ਫੋਨ ਚੱਲ ਪਊ ਪਰ ਭਾਈ, ਉਹ ਤਾਂ ਰੋਣੋਂ ਈ ਨਾ ਹਟੇ। ਮੈਨੂੰ ਲੱਗਿਆ ਕਿ ਉਹ ਰੋਣ ਲੱਗੀ ਹੋਈ ਐ ਇਸ ਕਰਕੇ ਸੈਲ ਫੋਨ ਟੈਕਨੌਲੋਜੀ ਉਸ ਨੂੰ ਪਛਾਣਦੀ ਨਹੀਂ ਹੋਣੀ। ਪਰ ਗੱਲ ਦਰਅਸਲ ਹੋਰ ਈ ਸੀ। ਤੁਹਾਡੀ ਸੱਤਿਆ ਭੈਣ ਜੀ ਨੂੰ ਸਜ਼ਾ ਮਿਲੀ ਹੋਈ ਸੀ ਭੂੰਡ ਲੜਾਉਣ ਦੀ। ਉਹਦੇ ਮੂੰਹ 'ਤੇ ਕਈ ਭੂੰਡ ਲੜੇ ਹੋਏ ਸੀ ਤੇ ਮੂੰਹ ਮੋਟਾ ਹੋਇਆ ਦਾ ਸੀ। ਟੈਕਨੌਲੋਜੀ ਪਛਾਣੇ ਨਾ ਤੇ ਸੈੱਲ ਫੋਨ ਚਾਲੂ ਨਾ ਹੋਵੇ। ਖੈਰ ਭਾਈ...ਇਹ ਤਾਂ ਸਾਡੀਆਂ ਇੱਧਰ ਦੀਆਂ ਸਮਸਿਆਵਾਂ ਨੇ! ਰਿਸ਼ੀ ਜੀ, ਧਰਤੀ 'ਤੇ ਭਾਈ ਬੜੀਆਂ ਈ ਮੌਜਾਂ ਨੇ...ਇਧਰ ਆ ਕੇ ਬੜੀਆਂ ਮੁਸੀਬਤਾਂ ਹੁੰਦੀਆਂ! ਕੀ ਕਰੀਏ? ਉੱਥੇ ਰਹਿੰਦੇ ਚੇਤਾ ਵੀ ਨਹੀਂ ਹੁੰਦਾ ਕਿ ਇਧਰ ਵੀ ਆਉਣੈ ਤੇ ਇਧਰ ਵੀ ਨਿਪਟਾਰਾ ਹੋਣਾ ਹੁੰਦੈ। ਕਿਸੇ ਦੇ ਵਾਲ ਪੁੱਟੇ ਗਏ ਨੇ ਉਹ ਗੰਜਾ ਹੋਈ ਫਿਰਦੈ, ਕਿਸੇ ਦੇ ਚਿਹਰੇ 'ਤੇ ਭੂੰਡ ਲੜੇ ਹੋਏ ਐ ਤੇ ਉਹਦਾ ਫੋਨ ਚਾਲੂ ਨਹੀਂ ਹੁੰਦਾ ਤੇ ਕੋਈ ਜਣਾ ਮੇਰੇ ਵਾਂਗ ਪਟੇ ਖਾ ਕੇ ਕਿਸੇ ਥਾਂ ਬੈਠਣ ਜੋਗਾ ਨਹੀਂ ਰਹਿੰਦਾ। ਉਹਦੀ ਤਸ਼ਰੀਫ਼ ਸੁੱਜੀ ਰਹਿੰਦੀ ਐ! ਬੱਸ, ਦੱਸ ਦੇਵੀਂ ਇਹਨਾਂ ਸਾਰਿਆਂ ਨੂੰ...ਕਰੀ ਚੱਲੋ ਜੋ ਕਰਨਾ ਪਰ ਇਧਰ ਆ ਕੇ ਲੱਗੂ ਪਤਾ ਥੋਨੂੰ! ਮੈਂ ਡਰਾ ਨਹੀਂ ਰਿਹਾ, ਸੱਚ ਕਹਿਨੈਂ! ਚੰਗਾ ਬਾਈ ਰਿਸ਼ੀ, ਫੇਰ ਕਦੀ ਸਹੀ!

ਤੇਰਾ,
ਬੌਬ ਐਂਡਰਾਸ!

# ਸ਼ੁਕਰਾਨੇ ਅਤੇ ਵਧਾਈਆਂ ਦੇ ਨੁਸਖੇ



-ਤਰਲੋਚਨ ਸਿੰਘ ਦੁਪਾਲ ਪੁਰ
78146-92724
tsdupalpuri@yahoo.com

ਗੱਲ ਸ਼ੁਰੂ ਕਰਦੇ ਹਾਂ ਵਿਵੇਕ ਦੇ ਭੰਡਾਰ ਸੁਆਮੀ ਵਿਵੇਕਾ ਨੰਦ ਹੁਣਾ ਤੋਂ। ਕਹਿੰਦੇ ਇੱਕ ਵਾਰ ਉਹ ਅਮਰੀਕਾ ਵਿੱਚ ਗਏ ਹੋਏ ਰੇਲ ਗੱਡੀ ਵਿੱਚ ਸਫਰ ਕਰ ਰਹੇ ਸਨ। ਸੀਟ ਤੇ ਬੈਠੇ ਬੈਠੇ ਉਹ ਆਪਣੇ ਬੈਗ ਚੋਂ ਸੰਤਰਾ ਕੱਢ ਕੇ ਛਿੱਲਣ ਲੱਗ ਪਏ। ਉਨ੍ਹਾਂ ਦੀ ਸਾਹਮਣਲੀ ਸੀਟ ਤੇ ਬੈਠੀ ਇੱਕ ਗੋਰੀ ਦਾ ਬੱਚਾ ਉਨ੍ਹਾਂ ਵੱਲ ਗਹੁ ਨਾਲ ਦੇਖਣ ਲੱਗਾ। ਸੁਆਮੀ ਜੀ ਨੇ ਸੰਤਰਾ ਛਿੱਲ ਕੇ ਦੋ ਚਾਰ ਫਾੜੀਆਂ ਉਸ ਬੱਚੇ ਨੂੰ ਵੀ ਫੜਾ ਦਿੱਤੀਆਂ। ਫਾੜੀਆਂ ਲੈ ਕੇ ਖੁਸ਼ ਹੋਇਆ ਬੱਚਾ ਜਦ ਆਪਣੀ ਮਾਂ ਕੋਲ਼ ਆਇਆ ਤਾਂ ਉਹ ਉਸਨੂੰ ਘੂਰਦਿਆਂ ਹੋਇਆਂ ਕੁੱਝ ਕਹਿਣ ਲੱਗੀ। ਸੁਆਮੀ ਜੀ ਨੇ ਗੋਰੀ ਨੂੰ ਕਿਹਾ ਕਿ ਮੈਡਮ ਬੱਚੇ ਨੇ ਸੰਤਰਾ ਮੈਥੋਂ ਮੰਗਿਆ ਨਹੀਂ ਸੀ, ਇਸ ਪਿਆਰੇ ਬੱਚੇ ਨੂੰ ਮੈਂ ਆਪੇ ਹੀ ਸੰਤਰਾ ਦਿੱਤਾ ਹੈ। ਪਲੀਜ਼ ਇਸ ਨੂੰ ਗੁੱਸੇ ਨਾ ਹੋਵੋ। ਗੋਰੀ ਕਹਿੰਦੀ ਕਿ ਮੈਂ ਇਸ ਨੂੰ ਤਦ ਖਿਝਿਆ ਹੈ ਕਿਉਂ ਕਿ ਤੁਹਾਥੋਂ ਸੰਤਰਾ ਲੈ ਕੇ, ਇਹ ਤੁਹਾਡਾ ਧੰਨਵਾਦ ਕਰੇ ਬਗੈਰ ਮੇਰੇ ਕੋਲ਼ ਆ ਖੜ੍ਹਾ ਹੋਇਆ!

ਆਪਣੀ ਇੱਕ ਹੱਡ-ਬੀਤੀ ਤੋਂ ਮੈਨੂੰ ਗਿਆਤ ਹੋਇਆ ਕਿ ਵਧਾਈਆਂ ਦੇਣ ਜਾਂ ਧੰਨਵਾਦ ਕਰਨ ਬਾਰੇ ਪੇਂਡੂਆਂ ਅਤੇ ਸ਼ਹਿਰੀਆਂ ਵਿੱਚ ਫਰਕ ਹੁੰਦਾ ਹੈ! ਬੀਬੀ ਰਜਿੰਦਰ ਕੌਰ ਭੱਠਲ ਪੰਜਾਬ ਸਰਕਾਰ ਵਿੱਚ ਜਿਸ ਮਹਿਕਮੇ ਦੇ ਮੰਤਰੀ ਸਨ ਉਸ ਮਹਿਕਮੇ ਵਿੱਚ ਕੰਮ ਕਰਦੇ ਮੇਰੇ ਇੱਕ ਨੇੜਲੇ ਰਿਸ਼ਤੇਦਾਰ ਦੀ ਬਦਲੀ ਹੋ ਗਈ। ਉਸ ਮੁਲਾਜ਼ਮ ਨੇ ਸ਼੍ਰੋਮਣੀ ਕਮੇਟੀ ਦਾ ਮੈਂਬਰ ਹੋਣ ਨਾਤੇ ਮੈਨੂੰ ਬਦਲੀ ਰੁਕਵਾਉਣ ਲਈ ਕਿਹਾ। ਮੈਂ ਇੱਕ ਅਜਿਹਾ ਜਥੇਦਾਰ ਲੱਭਿਆ ਜੋ ਬੀਬੀ ਭੱਠਲ਼ ਨਾਲ਼ ਨੇੜਤਾ ਰੱਖਦਾ ਸੀ। ਮੈਂ ਉਸ ਜਥੇਦਾਰ ਨੂੰ ਲੈ ਕੇ ਚੰਡੀਗੜ੍ਹ ਗਿਆ ਤੇ ਅਸੀਂ ਬੀਬੀ ਭੱਠਲ਼ ਦੇ ਦਫਤਰ ਪਹੁੰਚੇ। ਬੀਬੀ ਜੀ ਨੇ ਸਾਡੀ ਗੱਲ ਸੁਣਕੇ ਪੂਰੇ ਗਹੁ ਨਾਲ ਆਪਣੇ ਪੀ.ਏ ਨੂੰ ਕਿਹਾ ਕਿ ਬਦਲੀ ਰੋਕਣ ਦਾ ਕੰਮ ਨੋਟ ਕਰ ਲਵੇ।

ਹਫਤਾ ਦੋ ਹਫਤੇ ਬਾਅਦ ਜਦ ਸਾਡਾ ਕੰਮ ਨਾ ਹੋਇਆ ਤਾਂ ਉਸੇ ਜਥੇਦਾਰ ਨੂੰ ਲੈ ਕੇ ਮੈਂ ਫਿਰ ਬੀਬੀ ਭੱਠਲ਼ ਦੇ ਦਫਤਰ ਜਾ ਪਹੁੰਚਿਆ। ਜਥੇਦਾਰ ਨੂੰ ਦੇਖਦੇ ਹੀ ਬੀਬੀ ਜੀ ਬੜੀ ਹੈਰਾਨੀ ਨਾਲ ਕਹਿੰਦੇ ਕਿ ਤੁਹਾਡਾ ਕੰਮ ਹੋਇਆ ਨਹੀਂ ਹਾਲੇ ? ਜਥੇਦਾਰ ਹੱਸ ਕੇ ਕਹਿੰਦਾ-

ਬੀਬੀ ਜੀ ਆਪੇ ਈ ਬੁੱਝ ਲਉ..... ਮੰਤਰੀਆਂ-ਸੰਤਰੀਆਂ ਤੋਂ ਕੰਮ ਕਰਵਾਕੇ ਸ਼ਹਿਰੀਏ ਲੋਕ ਹੀ ਸ਼ੁਕਰਾਨੇ ਹਿਤ ਮਠਿਆਈ ਦਾ ਡੱਬਾ ਲੈ ਕੇ ਆਉਂਦੇ ਹੁੰਦੇ ਐ। ਪੇਂਡੂ ਤਾਂ ਮੁੜਕੇ ਆਉਂਦੇ ਹੀ ਨਹੀਂ ਹੁੰਦੇ ! ਜੇ ਉਹ ਆ ਜਾਣ ਤਾਂ ਸਮਝੋ ਕੰਮ ਹੋਇਆ ਨਹੀਂ ਹੁੰਦਾ !

ਸ਼੍ਰੋਮਣੀ ਕਮੇਟੀ ਦੀ ਚੋਣ ਤੋਂ ਬਾਅਦ ਸੰਨ 2001 ਵਿੱਚ ਮੇਰੇ ਪਿੰਡ ਵਾਲ਼ਿਆਂ ਨੇ ਜੋਰ ਪਾ ਕੇ ਮੈਨੂੰ ਸਰਪੰਚੀ ਦੀ ਚੋਣ ਲਈ ਖੜ੍ਹਾ ਕਰ ਦਿੱਤਾ। ਪੇਂਡੂ ਪਿਛੋਕੜ ਵਾਲ਼ਾ ਮੇਰਾ ਇੱਕ ਪ੍ਰੋਫੈਸਰ ਮਿੱਤਰ ਮੈਨੂੰ ਮਿਲ਼ ਕੇ ਪੰਚਾਇਤੀ ਚੋਣ ਬਾਰੇ ਕਈ ਗੁੰਝਲ਼ਦਾਰ ਨੁਕਤਿਆਂ ਤੋਂ ਜਾਣੂ ਕਰਵਾ ਗਿਆ ਅਤੇ ਫੋਨ ਤੇ ਵੀ ਮੈਨੂੰ ਕਈ ਤਰਾਂ ਦੇ ਸੁਝਾਅ ਮਸ਼ਵਰੇ ਦਿੰਦਾ ਰਿਹਾ। ਚੋਣ ਜਿੱਤਣ ਤੋਂ ਬਾਅਦ ਮੈਂ ਸਭ ਤੋਂ ਪਹਿਲਾਂ ਉਸਨੂੰ ਫੋਨ ਕਰਕੇ ਖੁਸ਼ਖਬਰੀ ਸੁਣਾਈ ! ਬਾਗੋ ਬਾਗ ਹੁੰਦਿਆਂ ਉਸਨੇ ਮੈਨੂੰ ਕਈ ਵਾਰ ਵਧਾਈਆਂ ਵਧਾਈਆਂ ਕਿਹਾ !

ਦਸ ਕੁ ਮਿੰਟ ਬਾਅਦ ਉਸ ਪ੍ਰੋਫੈਸਰ ਦਾ ਫੇਰ ਫੋਨ ਆ ਗਿਆ ! ਮੈਂ ਸੋਚਿਆ ਕਿ ਕੋਈ ਖਾਸ ਗੱਲ ਰਹਿ ਗਈ ਹੋਵੇ ਗੀ। ਪਰ ਜਦ ਉਸਨੇ ਮੈਨੂੰ ਫਿਰ ਵਧਾਈਆਂ ਦਿੱਤੀਆਂ ਤਾਂ ਮੈ ਨਿਮਰ ਭਾਵ ਨਾਲ ਕਿਹਾ ਕਿ ਆਪਣੀਆਂ ਵਧਾਈਆਂ ਤਾਂ ਹੁਣੇ ਹੋ ਚੁੱਕੀਆਂ ਨੇ ਪ੍ਰੋਫੈਸਰ ਸਾਹਬ ! ਤਾਂ ਉਹ ਹੱਸ ਕੇ ਕਹਿੰਦੇ ਕਿ ਪਹਿਲਾਂ ਤਾਂ ਤੁਸੀਂ ਮੈਨੂੰ ਆਪਣੀ ਜਿੱਤ ਬਾਰੇ ਸੂਚਿਤ ਕੀਤਾ ਸੀ, ਵਧਾਈ ਤਾਂ ਮੈਂ ਤੁਹਾਨੂੰ ਹੁਣ ਦੇ ਰਿਹਾ ਹਾਂ ਭਰਾ ਜੀ !

ਸੰਨ 2004 ਵਿੱਚ ਜਦੋਂ ਮੈਂ ਅਮਰੀਕਾ ਗਿਆ ਤਾਂ ਪੰਜਾਬੀ ਟ੍ਰਿਬਿਊਨ ਵਿੱਚ ਸਬ-ਐਡੀਟਰ ਰਹੇ ਵੱਡੇ ਵੀਰ ਅਮੋਲਕ ਸਿੰਘ ਜੰਮੂ ਨਾਲ਼ ਮੇਰਾ ਮੇਲ਼ ਮਿਲਾਪ ਹੋਇਆ ਜੋ ਪਹਿਲਾਂ ਤੋਂ ਮੇਰੇ ਜਾਣੂ ਸਨ। ਜਿਵੇਂ ਕਿ ਹੁੰਦਾ ਹੀ ਹੈ ਕਿ ਨਵੇਂ ਨਵੇਂ ਬਣੇ ਪ੍ਰਵਾਸੀਆਂ ਨੂੰ ਪਹਿਲਾਂ ਤੋਂ ਉੱਥੇ ਰਹਿ ਰਹੇ ਪੰਜਾਬੀ ਭਰਾ ਦਿਲ ਖੋਹਲ ਕੇ ਨਸੀਹਤਾਂ ਦਿੰਦੇ ਨੇ ! ਇਵੇਂ ਜੰਮੂ ਸਾਹਬ ਨੇ ਮੈਨੂੰ ਹਾਏ....ਹੈਲੋ....ਥੈਂਕ ਯੂ ਕਹਿਣ ਦਾ ਸਬਕ ਦਿੰਦਿਆਂ ਆਪਣੀ ਇੱਕ ਹੱਡ-ਬੀਤੀ ਸੁਣਾਈ-

ਕਹਿੰਦੇ ਮੈਂ ਇੱਥੇ ਆ ਕੇ ਡ੍ਰਾਈਵਿੰਗ ਲਾਈਸੈਂਸ ਤਾਂ ਜਲਦੀ ਲੈ ਲਿਆ ਤੇ ਪੁਰਾਣੀ ਕਾਰ ਵੀ ਲੈ ਲਈ ਸੀ ਪਰ ਕਾਰ ਚਲਾਉਣ ਦਾ ਮੈਨੂੰ ਕੋਈ ਤਜ਼ਰਬਾ ਨਹੀਂ ਸੀ। ਇਸ ਕਰਕੇ ਇੱਕ ਵਾਰ ਹਾਈ ਵੇ ਤੇ ਜਾਂਦਿਆਂ ਮੈਂ ਡੈਸ਼ਬੋਰਡ ਉੱਤੇ ਤੇਲ ਵਾਲ਼ੀ ਸੂਈ ਵੱਲ੍ਹ ਧਿਆਨ ਹੀ ਨਾ ਦਿੱਤਾ। ਰਾਹ ਵਿੱਚ ਕਾਰ ਰੁਕ ਗਈ ਤਾਂ ਮੈਂ ਦੇਖਿਆ ਕਿ ਤੇਲ ਖਤਮ ਹੋ ਗਿਆ ਐ। ਹਾਈ ਵੇ ਦੀ ਬਾਹਰਲੀ ਸਲੋ ਲਾਈਨ ਵਿੱਚ ਹੋਣ ਕਰਕੇ ਕਾਰ ਤਾਂ ਮੈਂ ਇੱਕ ਸਾਈਡ ਤੇ ਲਾ ਲਈ ਪਰ ਕਰਾਂ ਕੀ ? ਮੋਬਾਈਲ ਫੋਨ ਉਦੋਂ ਹੁੰਦੇ ਨਹੀਂ ਸਨ। ਬਸ ਰਾਮ ਭਰੋਸੇ ਖੜ੍ਹਕੇ ਸ਼ੂਟ ਵੱਟੀ ਜਾਂਦੀਆਂ ਕਾਰਾਂ ਵੱਲ ਇਹ ਸੋਚ ਕੇ ਦੇਖਦਾ ਰਿਹਾ ਕਿ ਕੋਈ ਜਣਾ ਤਾਂ ਮੇਰੇ ਤੇ ਤਰਸ ਕਰਕੇ ਰੁਕੇ ਗਾ ਹੀ !

ਲਉ ਜੀ ਥੋੜ੍ਹੇ ਚਿਰ ਬਾਅਦ ਇੱਕ ਗੋਰੇ ਨੇ ਮੇਰੇ ਲਾਗੇ ਆ ਕੇ ਕਾਰ ਰੋਕੀ। ਮੈਂ ਟੁੱਟੀ ਫੁੱਟੀ ਅੰਗਰੇਜੀ ਵਿੱਚ ਤੇਲ ਮੁੱਕਣ ਦੀ ਗੱਲ ਦੱਸੀ। ਉਸਨੇ ਆਪਣੀ ਕਾਰ ਦੀ ਡਿੱਗ੍ਹੀ ਵਿੱਚੋਂ ਇੱਕ ਡੱਬਾ ਤੇ ਪਾਈਪ ਕੱਢਿਆ ਤੇ ਆਪਣੀ ਕਾਰ ਚੋਂ ਤੇਲ ਕੱਢ ਕੇ ਮੇਰੀ ਕਾਰ ਵਿੱਚ ਪਾ ਦਿੱਤਾ। ਉਸਦੇ ਕੋਟਾਨਿ ਕੋਟਿ ਧੰਨਵਾਦ ਹਿਤ ਮੈਂ ਉਸਨੂੰ ਥੈਂਕ ਯੂ ਥੈਂਕ ਯੂ ! ਕਿਹਾ ਤਾਂ ਉਹ ਗੋਰਾ ਕਹਿੰਦਾ ਕਿ ਥੈਂਕ ਯੂ ਦੇ ਨਾਲ਼ ਨਾਲ਼ ਮੇਰੇ ਨਾਲ਼ ਇਹ ਵਾਅਦਾ ਵੀ ਕਰ ਕਿ ਤੂੰ ਆਪਣੀ ਕਾਰ ਦੀ ਡਿੱਗੀ ਵਿੱਚ ਮੇਰੇ ਵਾਂਗ ਪਾਈਪ ਅਤੇ ਡੱਬਾ ਜਰੂਰ ਰੱਖੇਂ ਗਾ ਅਤੇ ਸੜ੍ਹਕ ਤੇ ਖੜ੍ਹੇ ਕਿਸੇ ਵੀ ਲੋੜਵੰਦ ਕੋਲ਼ੋਂ ਚੁੱਪ ਚੁਪੀਤਾ ਨਹੀਂ ਲੰਘੇਂ ਗਾ ਸਗੋਂ ਉਸਦੀ ਯਥਾਸ਼ਕਤਿ ਮੱਦਦ ਕਰੇਂ ਗਾ !

ਮੈਂ ਸੋਚਿਆ ਕਿ ਆਪਣੇ ਘੁੱਟ ਕੇ ਲੜ ਬੰਨ੍ਹੇ ਹੋਏ ਸ਼ੁਕਰਾਨੇ ਅਤੇ ਵਧਾਈ ਦੇਣ ਦੇ ਇਹ ਕੁੱਝ ਨੁਸਖੇ ਹੋਰਾਂ ਨਾਲ਼ ਵੀ ਸਾਂਝੇ ਕਰ ਦਿਆਂ !







# ਕਾਵਿ ਸੰਗ੍ਰਿਹ 'ਮੇਰੀ ਕਾਵਿ ਕਿਆਰੀ' ਲੋਕ ਅਰਪਣ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਕੈਲਗਰੀ ਲੇਖਕ ਸਭਾ ਦੀ ਜੁਲਾਈ ਮਹੀਨੇ ਦੀ ਮੀਟਿੰਗ ਪ੍ਰਧਾਨ ਜਸਵੀਰ ਸਿੰਘ ਸਿਹੋਤਾ, ਕਰਨਲ ਪ੍ਰਤਾਪ ਸਿੰਘ ਦੀ ਧੀ ਰਾਜਿੰਦਰ ਕੌਰ ਬੱਲ ਅਤੇ ਜਸਵਿੰਦਰ ਸਿੰਘ ਰੁਪਾਲ ਦੀ ਪ੍ਰਧਾਨਗੀ ਹੇਠ ਹੋਈ।ਜਸਵਿੰਦਰ ਸਿੰਘ ਰੁਪਾਲ ਨੇ ਕਾਵਿ-ਪੁਸਤਕ ਉਪਰ ਆਪਣਾ ਪਰਚਾ ਪੜ੍ਹਿਆ। ਉਨ੍ਹਾਂ ਨੇ ਕਿਹਾ ਕਿ ਕਵਿਤਾ ਦੇ ਵਿਸ਼ਾ ਪੱਖ ਅਤੇ ਰੂਪਕ ਪੱਖ, ਦੋ ਪੱਖ ਹੁੰਦੇ ਹਨ। ਕਰਨਲ ਪ੍ਰਤਾਪ ਸਿੰਘ ਨੇ ਮੁੱਖ ਤੌਰ ਤੇ ਇੱਕ ਫੌਜੀ ਵਾਲੀ ਸੰਜਮੀ ਤੇ ਖੁਸ਼ਕ ਜ਼ਿੰਦਗੀ ਜੀਵੀ ਹੈ ਪਰ ਉਨ੍ਹਾਂ ਦੀਆਂ ਕਾਵਿ ਰਚਨਾਵਾਂ ਸਮਾਜਿਕ ਤੇ ਧਾਰਮਿਕ ਪੱਖ ਦੇ ਭਿੰਨ ਭਿੰਨ ਵਿਸ਼ਿਆਂ ਤੇ




ਲਿਖੀਆਂ ਜਜ਼ਬਿਆਂ ਤੇ ਭਾਵਨਾਵਾਂ ਨਾਲ ਓਤ ਪੋਤ ਹਨ ਜੋ ਪਾਠਕ ਨੂੰ ਉਂਗਲੀ ਫੜ ਆਪਣੇ ਨਾਲ ਤੋਰ ਲੈਂਦੀਆਂ ਹਨ।ਗੁਰਨਾਮ ਕੌਰ ਜੀ ਨੇ ਕਿਹਾ ਕਿ 'ਕਰਨਲ ਪ੍ਰਤਾਪ ਸਿੰਘ ਜੀ ਦਾ ਉੱਚੇ ਅਹੁਦੇ ਤੋਂ ਰਿਟਾਇਰ ਹੋਣ ਕਰਕੇ ਗਿਆਨ ਦਾ ਘੇਰਾ ਬਹੁਤ ਵਿਸ਼ਾਲ ਹੈ। ਮੈਂ ਆਲੋਚਕ ਨਹੀਂ ਹਾਂ ਬਲਕਿ ਇੱਕ ਪਾਠਕ ਵਾਂਗ ਹਰ ਰਚਨਾ ਦਾ ਆਨੰਦ ਮਾਣਿਆ ਹੈ।' ਬਲਵਿੰਦਰ ਬਰਾੜ ਨੇ ਕਿਹਾ ਕਿ ਲੇਖਕ ਨੇ ਹਮੇਸ਼ਾਂ ਜੱਗ ਵਿੱਚ ਨਹੀਂ ਰਹਿਣਾ ਹੁੰਦਾ ਪਰ ਲੇਖਕ ਦੀਆਂ ਕਿਤਾਬਾਂ ਉਹਦੇ ਜੱਗ ਵਿੱਚ ਆਉਣ ਦੀ ਹਾਮੀ ਭਰਨਗੀਆਂ।ਕੈਮਰੇ ਦੀ ਕਲਿੱਕ ਅਤੇ ਤਾੜੀਆਂ ਦੀ ਗੂੰਜ ਵਿੱਚ ਕਾਵਿ-ਸੰਗ੍ਰਿਹ 'ਮੇਰੀ ਕਾਵਿ ਕਿਆਰੀ' ਲੋਕ ਅਰਪਣ ਕੀਤਾ ਗਿਆ।ਡਾ: ਜੋਗਾ ਸਿੰਘ, ਸੁਖਵਿੰਦਰ ਸਿੰਘ ਤੂਰ, ਸਰਬਜੀਤ ਉੱਪਲ, ਤੇਜਾ ਸਿੰਘ ਪ੍ਰੇਮੀ, ਗੁਰਦੀਸ਼ ਗਰੇਵਾਲ, ਜਗਦੇਵ ਸਿੰਘ ਸਿੱਧੂ, ਪੈਰੀ ਮਾਹਲ, ਅਮਨਪ੍ਰੀਤ ਸਿੰਘ, ਸੰਦੀਪ ਕੌਰ, ਗੁਰਦਿਆਲ ਸਿੰਘ ਖਹਿਰਾ, ਜਸਵੰਤ ਸਿੰਘ ਕਪੂਰ, ਜਸਪ੍ਰੀਤ ਕੌਰ, ਗੁਰਮੀਤ ਸਿੰਘ ਤੰਬੜ ਨੇ ਮੰਚ ਉਪਰੋਂ ਹਾਜਿਰੀ ਲਗਵਾਈ। ਕਰਨਲ ਪ੍ਰਤਾਪ ਸਿੰਘ ਦੀ ਦੋਹਤ-ਨੂੰਹ ਨਵਨੀਤ ਕੌਰ ਬੱਲ ਨੇ 'ਮੇਰੀ ਕਾਵਿ ਕਿਆਰੀ' ਵਿਚੋਂ 'ਤੈਨੂੰ ਕਹਾਂ ਪੰਜਾਬ ਸਿਆਂ ਤੂੰ ਗੱਲ ਸੁਣ ਮੇਰੀ' ਕਵਿਤਾ ਜ਼ੁਬਾਨੀ ਸੁਣਾਈ। ਫਿਰ ਕਰਨਲ ਪ੍ਰਤਾਪ ਸਿੰਘ ਦੀ ਧੀ ਰਾਜਿੰਦਰ ਕੌਰ ਬੱਲ ਨੇ ਆਪਣੇ ਪਿਤਾ ਜੀ ਦੀ ਕਿਤਾਬ ਐਨੇ ਸੁਚੱਜੇ ਢੰਗ ਨਾਲ ਰੀਲੀਜ਼ ਕਰਨ ਤੇ ਸਭਾ ਦਾ ਅਤੇ ਹਾਜ਼ਰੀਨ ਦਾ ਤਹਿ ਦਿਲੋਂ ਧੰਨਵਾਦ ਕੀਤਾ।ਅੰਤ ਵਿੱਚ ਸਭਾ ਦੇ ਪ੍ਰਧਾਨ ਜਸਵੀਰ ਸਿੰਘ ਸਿਹੋਤਾ ਨੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ।

# ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ (ਇੱਕਾ) ਵਾਲਿਆਂ ਨੇ ਕਨੇਡਾ ਡੇਅ ਮੌਕੇ ਕੇਕ ਕੱਟਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦੇ ਦਫ਼ਤਰ ਵਿੱਚ 'ਕੈਨੇਡਾ ਦਿਵਸ' ਮਨਾਇਆ ਗਿਆ।ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਿਰਕਤ ਕੀਤੀ।ਸਕੱਤਰ ਅਮਰੀਕ ਸਿੰਘ ਸਰੋਆ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ ਅਤੇ ਕੈਨੇਡਾ ਦਿਵਸ ਦੀ ਵਧਾਈ ਦਿੱਤੀ। ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਕੈਨੇਡਾ ਦੇ 157 ਸਾਲ ਪੂਰੇ ਹੋਣ 'ਤੇ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਪ੍ਰੋਗਰਾਮ ਦੀ ਸ਼ੁਰੂਆਤ ਓ ਕੈਨੇਡਾ ਦੇ ਰਾਸ਼ਟਰੀ ਗੀਤ ਅਤੇ ਇੰਡੀਅਨ ਰਾਸਟਰੀ ਗੀਤ ਜਨ ਗਣ ਮਨ ਨਾਲ ਕੀਤੀ। ਕੈਨੇਡਾ ਡੇਅ ਦਾ ਕੇਕ ਕੱਟਣ ਦੀ ਰਸਮ ਅਦਾ ਕੀਤੀ ਗਈ। ਗਾਇਕ ਰਵੀ ਜਨਾਗਲ ਦੁਆਰਾ ਪੰਜਾਬੀ ਵਿੱਚ "ਕੈਨੇਡਾ ਲਈ



ਸਿਹਤਮੰਦ ਰਹਿਣ ਦੀਆਂ ਸ਼ੁਭਕਾਮਨਾਵਾਂ" ਗੀਤ ਗਾਇਆ ਗਿਆ।ਇਸ ਉਪਰੰਤ ਜਸਰਾਜ ਹੱਲਣ ਸੰਸਦ ਮੈਂਬਰ, ਜਾਰਜ ਚਾਹਲ, ਐਮ ਪੀ, ਇਰਫਾਨ ਸਬੀਰ, ਵਿਧਾਇਕ ਗੁਰਿੰਦਰ ਬਰਾੜ, ਵਿਧਾਇਕ, ਪਰਮੀਤ ਸਿੰਘ ਬੋਪਾਰਾਏ ਵਿਧਾਇਕ, ਕੌਂਸਲਰ ਰਾਜ ਧਾਲੀਵਾਲ, ਸ੍ਰੀ ਰਿਸ਼ੀ ਨਾਗਰ, ਕੇਸਰ ਸਿੰਘ ਨੀਰ, ਜਗਦੀਸ਼ ਕੌਰ ਸਰੋਆ, ਕੁਲਦੀਪ ਕੌਰ ਨੀਰ, ਬਲਵਿੰਦਰ ਸਿੰਘ ਵਿਰਦੀ, ਹਰਚੰਦ ਸਿੰਘ, ਜਸਦੇਵ ਸਿੰਘ ਸਿੱਧੂ, ਸਤਵਿੰਦਰ ਕੌਰ ਫਰਵਾਨ, ਗੁਰਜੀਤ ਸਿੰਘ ਸਿੱਧੂ ਚੇਅਰਮੈਨ ਦਸਮੇਸ਼ ਕਲਚਰ ਸੈਂਟਰ, ਧਰਮਿੰਦਰ ਸਿੰਘ ਪ੍ਰੇਮੀ ਵਾਈਸ ਚੇਅਰਮੈਨ ਖਾਲਸਾ ਸਕੂਲ, ਜਰਨੈਲ ਤੱਗੜ ਅਤੇ ਚੰਦ ਸਿੰਘ ਸਦਿਓੜਾ ਨੇ ਕਨੇਡਾ ਵਿੱਚ ਰਹਿੰਦਿਆਂ ਆਪਣੀਆਂ ਭਾਵਨਾਵਾਂ, ਕੈਨੇਡਾ ਪ੍ਰਤੀ ਪਿਆਰ ਅਤੇ ਬਹੁਤ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ। ਅੰਤ ਵਿੱਚ ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਇਸ ਮਹਾਨ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਸਾਰਿਆਂ ਦਾ ਧੰਨਵਾਦ ਕੀਤਾ।
















# ਤੁਰ ਗਿਆ ਜਹਾਨੋਂ, ਬਾਬਾ ਸ਼ਫੀ ਮੁਹੰਮਦ !!



ਲਖਵਿੰਦਰ ਜੌਹਲ 'ਧੱਲੇਕੇ'
98159 59476

ਪਿਛਲੇ ਹੀ ਸਾਲ ਮੇਰੀ ਗੱਲ ਪਹਿਲੀ ਵਾਰ ਮੇਰੇ ਪਿੰਡ ਦੇ ਪੁਰਾਣੇ ਗਰਾਂਈ ਬਾਬਾ ਸ਼ਫੀ ਮੁਹੰਮਦ ਜੀ ਨਾਲ ਹੋਈ, ਜਿੰਨ੍ਹਾਂ ਦੀ ਉਮਰ ਵੰਡ ਵੇਲੇ ਛੇ-ਸੱਤ ਸਾਲ ਦੀ ਸੀ ਅਤੇ ਬਾਬਾ ਜੀ ਆਪਣੇ ਵੱਡਿਆਂ ਨਾਲ ਆਪਣਾ ਪਿੰਡ ਧੱਲੇਕੇ ਛੱਡ ਕੇ ਪਾਕਿਸਤਾਨ ਦੇ ਚੱਕ 19 ਡਬਲਿਊ ਬੀ ਵਿੱਚ ਜਾ ਵੱਸੇ। ਸੋਸ਼ਲ ਮੀਡੀਆ ਦੇ ਦੌਰ ਵਿੱਚ ਮੇਰਾ ਰਾਬਤਾ ਸਭ ਤੋਂ ਪਹਿਲਾਂ ਬਾਬਾ ਜੀ ਦੇ ਪੋਤੇ ਹਾਫਿਜ਼ ਨਾਲ ਹੋਇਆ ਸੀ, ਹਾਫਿਜ਼ ਨੇ ਜਦੋਂ ਬਾਬਾ ਜੀ ਨਾਲ ਗੱਲ ਕਰਵਾਈ ਤਾਂ ਇਹ ਮੇਰੇ ਲਈ ਬੜੀ ਖੁਸ਼ੀ ਵਾਲੀ ਗੱਲ ਸੀ ਕਿਉਂਕਿ ਬਾਬਾ ਜੀ ਮੇਰੇ ਪੜਦਾਦਾ ਜੀ ਦੇ ਨਾਂ ਤੋਂ ਸਾਡੇ ਪਰਿਵਾਰ ਨੂੰ ਜਾਣਦੇ ਸਨ। ਇਹੀ ਨਹੀ ਬਲਕਿ ਉਨ੍ਹਾਂ ਦਾ ਪਰਿਵਾਰ ਪਿੰਡ ਵਿੱਚ ਸਾਡੇ ਪੁਰਾਣੇ ਘਰ ਕੋਲ ਸਾਡਾ ਪੁਰਾਣਾ ਗੁਆਂਢੀ ਪਰਿਵਾਰ ਵੀ ਸੀ।

ਪਿੰਡ ਦੀ ਅਤੇ ਪਿੰਡ ਦੇ ਲੋਕਾਂ ਦੀ ਖੈਰ ਸੁੱਖ ਪੁੱਛਣ ਤੋਂ ਬਾਅਦ ਉਨ੍ਹਾਂ ਨੇ ਆਪਣੇ ਪਿੰਡ ਦੀ ਮਿੱਟੀ ਨੂੰ ਸਲਾਮ ਆਖੀ, ਜਿਸ ਮਿੱਟੀ ਵਿੱਚ ਕਦੇ ਉਨ੍ਹਾਂ ਦੇ ਵੱਡ ਵਡੇਰਿਆਂ ਦੀਆਂ ਦੇਹੀਆਂ ਦਫ਼ਨ ਹੋਈਆਂ ਸਨ। ਆਪਣੇ ਪਿੰਡ ਕੋਲ ਵਗਦੀ ਨਹਿਰ ਬਾਰੇ ਅਤੇ ਮੋਗੇ ਸ਼ਹਿਰ ਬਾਰੇ ਪੁੱਛਿਆ, ਆਪਣੇ ਹਰ ਸਵਾਲ ਦਾ ਜਵਾਬ ਮਿਲਣ ਤੇ ਬਾਬਾ ਜੀ ਨੂੰ ਹਮੇਸ਼ਾਂ ਇੱਕ ਗੁੱਝੀ ਖੁਸ਼ੀ ਮਹਿਸੂਸ ਹੁੰਦੀ।

ਉਸ ਤੋਂ ਬਾਅਦ ਬਾਬਾ ਜੀ ਦੇ ਵੱਡੇ ਪੋਤੇ ਨਾਸਿਰ ਅਤੇ ਸਭ ਤੋਂ ਛੋਟੇ ਸ਼ਾਹਿਦ ਨਾਲ ਗੱਲ ਹੋਈ, ਨਾਸਿਰ ਆਪਣੇ ਚੱਕ ਦੇ ਸਰਕਾਰੀ ਸਕੂਲ ਵਿੱਚ ਅਧਿਆਪਕ ਵਜੋਂ ਸੇਵਾ ਨਿਭਾਅ ਰਿਹਾ ਹੈ ਅਤੇ ਉਸਨੂੰ ਮੈਂ ਹੁਣ 'ਮਾਸਟਰ ਜੀ' ਆਖ ਕੇ ਹੀ ਬੁਲਾਉਂਦਾ ਹਾਂ। ਮੇਰੇ ਚਿੱਤ ਚੇਤੇ ਵਿੱਚ ਇਹ ਖਿਆਲ ਕਦੇ-ਕਦੇ ਤਾਂ ਲਾਜ਼ਮੀ ਆਉਂਦਾ ਸੀ ਮੈਨੂੰ ਕਦੇ ਤਾਂ ਕੋਈ ਅਜਿਹਾ ਪਰਿਵਾਰ ਮਿਲੇਗਾ ਹੀ ਮਿਲੇਗਾ ਜਿਸ ਦਾ ਸੰਬੰਧ ਕਿਸੇ ਵੇਲੇ ਸਾਡੇ ਪਿੰਡ ਨਾਲ ਰਿਹਾ ਹੋਵੇ, ਕਿਉਂਕਿ ਇਹ ਅਕਸਰ ਸੁਣਿਆ ਸੀ ਕਿ ਪਿੰਡ ਵਿੱਚ ਵੱਡੀ ਗਿਣਤੀ ਮੁਸਲਮਾਨਾਂ ਦੇ ਪਰਿਵਾਰ ਰਹਿੰਦੇ ਸਨ ਜੋ ਵੰਡ ਵੇਲੇ ਪਿੰਡ ਛੱਡ ਗਏ ਸਨ। ਮੇਰੀ ਉਮਰ ਤਾਂ ਭਾਂਵੇ ਐਨੀ ਨਹੀਂ ਪਰ ਬਾਬਾ ਸ਼ਫੀ ਮੁਹੰਮਦ ਜੀ ਨੂੰ ਇਹ ਆਸ ਲਾਜ਼ਮੀ ਸੀ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਪੁਰਖਿਆਂ ਦੇ ਪਿੰਡ ਬਾਰੇ ਕਦੇ ਤਾਂ ਕੋਈ ਖ਼ਬਰ ਸਾਰ ਲਾਜ਼ਮੀ ਮਿਲੇਗੀ ਹੀ ਮਿਲੇਗੀ। ਪਿੰਡ ਛੱਡਣ ਤੋਂ ਪੌਣੀ ਸਦੀ ਬਾਅਦ ਜਦੋਂ ਉਨ੍ਹਾਂ ਦੀ ਗੱਲ ਆਪਣੇ ਜੱਦੀ ਪਿੰਡ ਦੇ ਕਿਸੇ ਗਰਾਂਈ ਨਾਲ ਹੋਈ ਤਾਂ ਉਨ੍ਹਾਂ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ ਰਿਹਾ, ਤੇ ਉਨ੍ਹਾਂ ਦਾ ਸਾਰਾ ਪਰਿਵਾਰ ਵੀ ਖੁਸ਼ ਸੀ ਕਿ ਬਾਬਾ ਜੀ ਨੂੰ ਵੀ ਤੇ ਉਨ੍ਹਾਂ ਸਾਰਿਆਂ ਨੂੰ ਵੀ ਉਨ੍ਹਾਂ ਦੇ ਪਿਛਲੇ ਪਿੰਡ ਦਾ ਕੋਈ ਮਿਲਿਆ। ਉਸਤੋਂ ਬਾਅਦ ਬਾਬਾ ਜੀ ਨਾਲ ਕਦੇ-ਕਦੇ ਗੱਲ ਹੁੰਦੀ ਹੀ ਰਹਿੰਦੀ ਤਾਂ ਉਨ੍ਹਾਂ ਦਾ ਹਮੇਸ਼ਾਂ ਇਹੀ ਸਵਾਲ ਹੁੰਦਾ ਕਿ ਉਨ੍ਹਾਂ ਦੇ ਵੱਡਿਆਂ ਨੂੰ ਜਾਂ ਉਨ੍ਹਾਂ ਦੇ ਪਰਿਵਾਰ ਨੂੰ ਜਾਣਦਾ ਕੋਈ ਬਜ਼ੁਰਗ ਪਿੰਡ ਵਿੱਚ ਹਜੇ ਹੈ ਜਾਂ ਨਹੀਂ? ਪਰ ਅਫ਼ਸੋਸ ਕਿ ਮੈਨੂੰ ਪਿੰਡ ਵਿੱਚ ਅਜਿਹਾ ਕੋਈ ਬਜ਼ੁਰਗ ਨਹੀਂ ਮਿਲਿਆ। ਸਾਡਾ ਰਾਬਤਾ ਜ਼ਰਾ ਦੇਰੀ ਨਾਲ ਹੋਇਆ ਲੱਗਦਾ ਸੀ ਕਿਉਂਕਿ ਇਸ ਵਕਤ ਤੱਕ ਉਸ ਵੇਲੇ ਦੀ ਚੰਗੀ ਯਾਦਦਾਸ਼ਤ ਵਾਲਾ ਕੋਈ ਬਜ਼ੁਰਗ ਪਿੰਡ ਵਿੱਚ ਜਿਉਂਦਾ ਨਹੀਂ ਸੀ ਰਿਹਾ। ਇੱਕ ਵਾਰ ਮੈਂ ਬਾਬਾ ਜੀ ਨੂੰ ਪੁੱਛਿਆ ਕਿ, 'ਤੁਹਾਡਾ ਕਦੇ ਦਿਲ ਨਹੀਂ ਕੀਤਾ ਆਪਣਾ ਪੁਰਾਣਾ ਪਿੰਡ ਵੇਖਣ ਨੂੰ?' ਤਾਂ ਬਾਬਾ ਜੀ ਦਾ ਗੱਚ ਭਰ ਆਇਆ, ਬੱਸ ਐਨਾ ਹੀ ਕਿਹਾ, 'ਆਊਂਗਾ ਪੁੱਤਰਾ ਕਦੇ ਤਾਂ', ਫਿਰ ਇਸਤੋਂ ਅੱਗੋਂ ਉਨ੍ਹਾਂ ਕੋਲ਼ੋਂ ਕੋਈ ਗੱਲ ਨਾ ਹੋਈ।

ਇਸ ਸਾਲ ਫਰਵਰੀ ਵਿੱਚ ਮੈਂ ਸ੍ਰੀ ਕਰਤਾਰਪੁਰ ਸਾਹਿਬ ਗਿਆ ਤਾਂ ਉੱਥੇ ਹਾਫਿਜ਼, ਨਾਸਿਰ ਤੇ ਸ਼ਾਹਿਦ ਨਾਲ ਮੁਲਾਕਾਤ ਹੋਈ। ਠੰਢੇ ਮੌਸਮ ਅਤੇ ਵਡੇਰੀ ਉਮਰ ਕਰਕੇ ਬਾਬਾ ਜੀ ਕਰਤਾਰਪੁਰ ਸਾਹਿਬ ਨਾ ਆ ਸਕੇ ਤੇ ਨਾ ਹੀ ਮੈਂ ਉਨ੍ਹਾਂ ਨੂੰ ਮਿਲ ਸਕਿਆ, ਪਰ ਉਨ੍ਹਾਂ ਦੇ ਪੋਤਿਆਂ ਨੂੰ ਮਿਲ ਕੇ ਮੈਨੂੰ ਇਹ ਮਹਿਸੂਸ ਹੋਇਆ ਕਿ ਜਿਵੇਂ ਮੈਂ ਬਾਬਾ ਜੀ ਨੂੰ ਹੀ ਮਿਲ ਪਿਆ ਹੋਵਾਂ। ਉੱਥੇ ਫੋਨ 'ਤੇ ਬਾਬਾ ਜੀ ਨਾਲ ਗੱਲ ਕੀਤੀ ਤਾਂ ਬਾਬਾ ਜੀ ਨੇ ਕਿਹਾ, 'ਪੁੱਤਰਾ ਇਸ ਵਾਰ ਭਾਂਵੇ ਮੈਂ ਤੈਨੂੰ ਨਹੀਂ ਮਿਲ ਸਕਿਆ, ਪਰ ਕਦੇ ਮੇਲ ਲਾਜ਼ਮੀ ਹੋਣਗੇ।' ਮੈਂ ਦਿਲੀਂ ਦੁਆ ਕੀਤੀ ਕਿ ਬਾਬਾ ਜੀ ਦੀ ਇਹ ਤਮੰਨਾ ਜ਼ਰੂਰ ਅਤੇ ਜਲਦੀ ਪੂਰੀ ਹੋਵੇ। ਮੈਂ ਵੀ ਜਲਦੀ ਬਾਬਾ ਜੀ ਨੂੰ ਮਿਲਣਾ ਚਾਹੁੰਦਾ ਸੀ, ਕਿਉਂਕਿ ਇੱਕ ਵਾਰ ਮੈਂ ਬਾਬਾ ਜੀ ਨੂੰ ਆਪਣੇ ਬਜ਼ੁਰਗਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ, ਐਵੇਂ ਗੱਲ ਦਾ ਕੋਈ ਸੁਆਦ ਨਹੀਂ ਆਉਣਾ, ਕਦੇ ਮਿਲ ਕੇ ਗੱਲਾਂ ਕਰਾਂਗੇ।'



ਬਾਬਾ ਸ਼ਫੀ ਮੁਹੰਮਦ ਜੀ



ਬਾਬਾ ਸ਼ਫੀ ਮੁਹੰਮਦ ਦੇ ਪੋਤਿਆਂ ਸ਼ਾਹਿਦ, ਨਾਸਿਰ ਅਤੇ ਹਾਫਿਜ਼ ਨਾਲ ਲੇਖਕ

ਇਸ ਸਾਲ ਰਮਜ਼ਾਨ ਦੇ ਮਹੀਨੇ ਵਿੱਚ ਬਾਬਾ ਜੀ ਨੇ ਚੰਗੇ ਭਲੇ ਰੋਜ਼ੇ ਰੱਖੇ, ਪਰ ਰਮਜ਼ਾਨ ਤੋਂ ਬਾਅਦ ਬਾਬਾ ਜੀ ਦੀ ਤਬੀਅਤ ਵਿਗੜ ਗਈ ਤੇ ਉਨ੍ਹਾਂ ਨੇ ਖਾਣਾ ਪੀਣਾ ਬੰਦ ਕਰ ਦਿੱਤਾ। ਕੁਝ ਦਿਨ ਪਹਿਲਾਂ ਨਾਸਿਰ ਨੇ ਵੀਡੀਓ ਕਾਲ ਤੇ ਬਾਬਾ ਜੀ ਨਾਲ ਗੱਲ ਕਰਵਾਈ, ਬਾਬਾ ਜੀ ਵੇਖਣ ਵਿੱਚ ਬਿਲਕੁਲ ਠੀਕ ਠਾਕ ਤੇ ਚੰਗੇ ਭਲੇ ਸਨ, ਹੱਸਦੇ ਹੱਸਦੇ ਉਨ੍ਹਾਂ ਨੇ ਮੇਰੇ ਨਾਲ ਗੱਲ ਕੀਤੀ। ਇਸ ਵਾਰ ਮੈਂ ਕਿਹਾ, 'ਬਾਬਾ ਜੀ, ਤੁਸੀਂ ਆਪਣੇ ਜੱਦੀ ਪਿੰਡ ਭਾਂਵੇ ਰੁਕ ਕੇ ਆ ਜਾਇਓ, ਪਰ ਮੈਂ ਜਲਦੀ ਐਧਰ ਆ ਕੇ ਤੁਹਾਨੂੰ ਮਿਲਣਾ ਹੁਣ'। ਬਾਬਾ ਜੀ ਹੱਸ ਪਏ ਤੇ ਬੋਲੇ, 'ਹਾਂ ਪੁੱਤਰਾ, ਮੇਰੀ ਸਿਹਤ ਠੀਕ ਨੀ ਰਹਿੰਦੀ, ਤੂੰ ਹੀ ਆ ਜਾ ਹੁਣ!' ਪਰ ਮੈਨੂੰ ਨਹੀਂ ਸੀ ਪਤਾ ਕਿ ਉਨ੍ਹਾਂ ਨਾਲ ਮੇਰੀ ਇਹ ਗੱਲ-ਬਾਤ ਆਖ਼ਰੀ ਗੱਲ-ਬਾਤ ਹੋਵੇਗੀ। ਬਾਅਦ ਵਿੱਚ ਇੱਕ ਦਿਨ 'ਮਾਸਟਰ ਜੀ' ਦਾ ਵਟਸਅਪ ਸੁਨੇਹਾ ਮਿਲਿਆ ਕਿ ਬਾਬਾ ਜੀ ਸਾਨੂੰ ਹਮੇਸ਼ਾਂ ਲਈ ਛੱਡ ਕੇ ਚਲੇ ਗਏ। ਇਹ ਪੜ੍ਹਦਿਆਂ ਹੀ ਮੇਰਾ ਮਨ ਮਸੋਸਿਆ ਗਿਆ। ਹੁਣ ਮੇਰੀ ਬਾਬਾ ਜੀ ਨੂੰ ਮਿਲਣ ਦੀ, ਬਾਬਾ ਜੀ ਦੀ ਮੈਨੂੰ ਮਿਲਣ ਦੀ ਅਤੇ ਮਿਲ ਬੈਠ ਕੇ ਗੱਲਾਂ ਬਾਤਾਂ ਕਰਨ ਦੀ ਇੱਛਾ ਅੱਜ ਤੋਂ ਬਾਅਦ ਕਦੇ ਪੂਰੀ ਨਹੀਂ ਹੋ ਸਕਣੀ। ਬਾਬਾ ਜੀ ਆਪਣੇ ਪੁਰਖਿਆਂ ਦੇ ਪਿੰਡ ਨੂੰ ਵੇਖਣ ਦੀ ਸੱਧਰ ਵੀ ਆਪਣੇ ਨਾਲ ਹੀ ਲੈ ਕੇ ਇਸ ਜਹਾਨੋਂ ਕੂਚ ਕਰ ਗਏ। ਇਹ ਸਭ ਲਿਖਦਿਆਂ ਬਾਬਾ ਜੀ ਦੀ ਉਹ ਗੱਲ ਯਾਦ ਆਈ ਜਦੋਂ ਉਨ੍ਹਾਂ ਕਿਹਾ ਸੀ ਕਿ, 'ਆਊਂਗਾ ਪੁੱਤਰਾ ਕਦੇ ਤਾਂ।' ਪਰ ਉਹ 'ਕਦੇ', ਹੁਣ ਮੁੜ ਨਹੀਂ ਆਉਣੀ।


















# NEW WAVE OPTICAL

#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com

Unbeatable Price!

All Type of Frames!
"Online" prices in store!
Complete Eyewear, Contact lenses and Sunglasses!

For more info call:
Sandeep Pandher
MANAGER
at 403-999-2500



# Delta-A Stucco Ltd.

All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

# CHANDIGARH DRIVING SCHOOL

Don't Learn Safety by Accident

- Class 1, 3 & 5
- Brush up 1, 3 & 5
- Certification Courses
- Air Brake (Q endorsement)
- Advance Training Course
- Car & Tractor Trailor for Road Test

RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
STOP
We have 24 years Experience



Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



# Sunder Building Supplies Ltd.

We believe in quality

- CRC Roofing Supplies
- Drywall, Insulation
- Sound Control Products
- Stucco, T-Bar Ceiling
- Manufactdured Stone
- Steel Studs &
- Accessories

Stucco | Paper | Flashing | Wiring

Free Estimate BEST Rates

Nirvair Singh Johal 403-690-8700
Bhajan Singh Johal 403-561-0227

4612, 6 STREET NE CALGARY, AB

## Advice from someone you trust.

Sun Life

Life's brighter under the sun

Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

# ਡਰਾਇਵਰਾਂ ਦੀ ਲੋੜ ਹੈ

RIG Group of Companies Inc.
GOLIATH TRACTOR SERVICE LTD. CALGARY, ALBERTA
Goliath Tractor Service Ltd.

Rig Logistics is now Hiring Long haul drivers for Canada & USA and LCV with minimum 2 year Hwy driving experience.

O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)



# ਦੱਖਣ-ਪੱਛਮੀ ਸਹਿਜਤਾ, ਸਥਾਪਤ ਸੁਵਿਧਾ

## ਫੇਸ 3 ਹੁਣ ਵੇਚ ਰਹੇ ਹਾਂ

Vermilion Hill

ਵਰਮਿਲੀਅਨ ਹਿੱਲ ਵਿੱਚ ਬੇਅੰਤ ਮਜ਼ੇ ਅਤੇ ਆਰਾਮਦਾਇਕ ਮਾਹੌਲ ਤੁਹਾਡੀ ਉਡੀਕ ਕਰ ਰਹੇ ਹਨ। ਫੇਜ਼ 3 ਦੀ ਬਹੁਤ ਉਮੀਦ ਕੀਤੀ ਜਾਣ ਵਾਲੀ ਰੀਲੀਜ਼ ਵਿੱਚ ਕਮਿਊਨਿਟੀ ਦਾ ਪਹਿਲਾ ਖੇਡ ਦਾ ਮੈਦਾਨ ਅਤੇ ਖੇਤਰ ਵਿੱਚ ਟਾਊਨਹੋਮਜ਼ ਦੀ ਸ਼ੁਰੂਆਤ ਸ਼ਾਮਲ ਹੋਵੇਗੀ। ਵਰਮਿਲੀਅਨ ਹਿੱਲ ਇੱਕ ਕਮਿਊਨਿਟੀ ਤੋਂ ਵੱਧ ਹੈ - ਇਹ ਜੀਵਨ ਭਰ ਦੀਆਂ ਯਾਦਾਂ ਬਣਾਉਣ ਲਈ ਸਹੀ ਜਗ੍ਹਾ ਹੈ!

NEW
ਟਾਊਨਹੋਮ | ਡੁਪਲੈਕਸ | ਲੇਨਡ ਹੋਮ | ਫਰੰਟ ਗੈਰਾਜ

ਵੈੱਬ ਸਾਈਟ ਉੱਪਰ ਜਾਕੇ ਨਵੀਆਂ ਲਾਟਾਂ ਦੇਖੋ:
liveinvermilionhill.com

ਆਪਣੇ ਮਨਪਸੰਦ ਬਿਲਡਰ ਨੂੰ ਮਿਲਕੇ ਆਪਣੀ ਲਾਟ ਅੱਜ ਹੀ ਬੁੱਕ ਕਰਵਾਓ

- NuVista Homes
- Homes by Avi
- Genesis Builders
- Sterling Homes
- Shane Homes
- Broadview Homes

ਗਰਮੀਆਂ ਦਾ ਮੇਲਾ
ਸਨਿੱਚਰਵਾਰ 27 ਜੁਲਾਈ ਸ਼ਾਮ 1 ਤੋਂ 5 ਵਜੇ ਤੱਕ
ਪਰਿਵਾਰਕ-ਅਨੁਕੂਲ ਗਤੀਵਿਧੀਆਂ, ਸੁਆਦੀ ਸਲੂਕ ਅਤੇ ਦੇਣ ਲਈ ਸਾਡੇ ਨਾਲ ਸ਼ਾਮਲ ਹੋਵੋ!

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO communities

# ਪੀਲੀ ਪੱਤਰਕਾਰੀ ਅਤੇ ਲੋਕਸਭਾ ਚੋਣਾਂ 2024 ਵਿੱਚ ਇਸ ਦੀ ਭੂਮਿਕਾ



ਸੰਦੀਪ ਕੁਮਾਰ
7009807121

ਪੀਲੀ ਪੱਤਰਕਾਰੀ, ਜਿਸਨੂੰ ਅੰਗਰੇਜ਼ੀ ਵਿੱਚ ਜੈਲੋ ਜਰਨਲਿਸਮ ਕਿਹਾ ਜਾਂਦਾ ਹੈ, ਇੱਕ ਐਸੀ ਪੱਤਰਕਾਰੀ ਹੈ ਜਿਸ ਵਿੱਚ ਸੰਸਨੀਖੇਜ਼ ਸਿਰਲੇਖ, ਅਧੂਰੀ ਜਾਂ ਭ੍ਰਮਿਤ ਜਾਣਕਾਰੀ, ਵਿਅਕਤੀਗਤ ਹਮਲੇ ਅਤੇ ਅਸਲ ਸੱਚਾਈ ਤੋਂ ਹਟ ਕੇ ਖ਼ਬਰਾਂ ਨੂੰ ਪੇਸ਼ ਕਰਨਾ ਸ਼ਾਮਲ ਹੁੰਦਾ ਹੈ। ਇਸ ਦਾ ਮੁੱਖ ਮਕਸਦ ਪਾਠਕਾਂ ਅਤੇ ਦਰਸ਼ਕਾਂ ਦੀ ਧਿਆਨ ਖਿਚਣਾ ਅਤੇ ਮੀਡੀਆ ਘਰਾਂ ਦੀ ਰੇਟਿੰਗ ਅਤੇ ਵਿਕਰੀ ਵਧਾਉਣਾ ਹੁੰਦਾ ਹੈ। ਭਾਰਤ ਵਿੱਚ ਪੀਲੀ ਪੱਤਰਕਾਰੀ ਦੀ ਸ਼ੁਰੂਆਤ ਵਰਤਮਾਨ ਯੁੱਗ ਵਿੱਚ ਨਹੀਂ ਹੋਈ ਹੈ, ਪਰ ਇਸਦਾ ਜ਼ਿਕਰ ਵੀਸ਼ੇਸ਼ ਤੌਰ ਤੇ 1990 ਦੇ ਦਹਾਕੇ ਵਿੱਚ ਹੋਣ ਲੱਗਾ, ਜਦੋਂ ਸੈਟੇਲਾਈਟ ਟੀਵੀ ਚੈਨਲਾਂ ਦੀ ਆਮਦ ਹੋਈ। ਇਸਦੇ ਨਾਲ ਹੀ ਅਖਬਾਰਾਂ ਦੇ ਝੁਕਾਅ ਵਿੱਚ ਵੀ ਬਦਲਾਅ ਆਇਆ। ਮੀਡੀਆ ਘਰਾਂ ਨੇ ਲੋਕਾਂ ਦੀ ਰੁਚੀ ਨੂੰ ਧਿਆਨ ਵਿੱਚ ਰੱਖਦੇ ਹੋਏ ਖ਼ਬਰਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ ਸ਼ੁਰੂ ਕੀਤਾ। ਇਸ ਤਰੀਕੇ ਨਾਲ ਉਹ ਪੜ੍ਹਨ ਵਾਲਿਆਂ ਦੀ ਧਿਆਨ ਖਿਚਣ ਅਤੇ ਆਪਣੀ ਵਿਕਰੀ ਵਧਾਉਣ ਵਿੱਚ ਸਫ਼ਲ ਰਹੇ। ਭਾਰਤ ਵਿੱਚ, ਜਿਥੇ ਮੀਡੀਆ ਦਾ ਰੋਲ ਬਹੁਤ ਹੀ ਪ੍ਰਭਾਵਸ਼ਾਲੀ ਹੈ, ਪੀਲੀ ਪੱਤਰਕਾਰੀ ਸਿਆਸੀ ਮਾਹੌਲ ਨੂੰ ਕਾਫੀ ਹੱਦ ਤੱਕ ਬਦਲਣ ਵਿੱਚ ਕਾਮਯਾਬ ਰਹੀ ਅਤੇ ਚੋਣ ਨਤੀਜਿਆਂ ਵਿੱਚ ਕਾਫੀ ਪ੍ਰਭਾਵ ਪਾਇਆ। ਜਦੋਂ ਕਿ ਮੀਡੀਆ ਦਾ ਮੁੱਖ ਕੰਮ ਸਚਾਈ ਨੂੰ ਬਿਆਨ ਕਰਨਾ ਅਤੇ ਜਨਤਕ ਰਾਏ ਨੂੰ ਸਹੀ ਜਾਣਕਾਰੀ ਪ੍ਰਦਾਨ ਕਰਨਾ ਹੈ, ਪੀਲੀ ਪੱਤਰਕਾਰੀ ਇਸ ਭਰੋਸੇ ਨੂੰ ਤੋੜਦੀ ਹੈ ਅਤੇ ਸਿਆਸੀ ਹਾਲਾਤਾਂ ਨੂੰ ਗੰਭੀਰਤਾ ਨਾਲ ਪ੍ਰਭਾਵਿਤ ਕਰਦੀ ਹੈ। ਅਜਿਹੀ ਪੱਤਰਕਾਰੀ ਵਿੱਚ ਜਦੋਂ ਵੀ ਸਿਆਸੀ ਚੋਣਾਂ ਦਾ ਮੌਕਾ ਹੁੰਦਾ ਹੈ, ਇਹ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਆਗੂਆਂ ਲਈ ਹਥਿਆਰ ਬਣ ਸਕਦੀ ਹੈ। ਲੋਕਸਭਾ ਚੋਣਾਂ 2024 ਵਿੱਚ ਪੀਲੀ ਪੱਤਰਕਾਰੀ ਦੀ ਭੂਮਿਕਾ ਨੂੰ ਸਮਝਣਾ ਬਹੁਤ ਮਹੱਤਵਪੂਰਨ ਹੈ। ਲੋਕਸਭਾ ਚੋਣਾਂ 2024 ਵਿੱਚ, ਪੀਲੀ ਪੱਤਰਕਾਰੀ ਦੀ ਭੂਮਿਕਾ ਵੱਡੀ ਅਤੇ ਸਮੇਂ-ਸਿਰ ਦਿਖਾਈ ਦਿੰਦੀ ਰਹੀ ਹੈ।

**ਲੋਕਸਭਾ ਚੋਣਾਂ 2024 ਵਿੱਚ ਪੀਲੀ ਪੱਤਰਕਾਰੀ ਦੀ ਭੂਮਿਕਾ**

ਪੀਲੀ ਪੱਤਰਕਾਰੀ ਦਾ ਇਸਤੇਮਾਲ ਸਿਆਸੀ ਪਾਰਟੀਆਂ ਵੱਲੋਂ ਇੱਕ ਹਥਿਆਰ ਵਜੋਂ ਵਰਤਿਆ । ਜਿਵੇਂ ਕਿ ਉਨ੍ਹਾਂ ਦੇ ਵਿਰੋਧੀਆਂ ਨੂੰ ਬਦਨਾਮ ਕਰਨ ਲਈ, ਜਨਤਕ ਧਿਆਨ ਨੂੰ ਖਿੱਚਣ ਲਈ ਅਤੇ ਆਪਣੇ ਹੱਕ ਵਿੱਚ ਲਹਿਰ ਬਣਾਉਣ ਲਈ। ਸੰਸਨੀਖੇਜ਼ ਖ਼ਬਰਾਂ ਅਤੇ ਸਨਸਨੀਖੇਜ਼ ਦਾਅਵੇ ਉਨ੍ਹਾਂ ਦੇ ਹੱਕ ਵਿੱਚ ਰਾਏ ਬਣਾਉਣ ਲਈ ਵਰਤੇ ਜਾ ਰਹੇ ਸਨ। ਅਜਿਹੀ ਸਥਿਤੀ ਵਿੱਚ, ਖ਼ਬਰਾਂ ਦੀ ਸਚਾਈ ਦੀ ਪੜਤਾਲ ਕਰਨਾ ਮੁਸ਼ਕਲ ਹੋ ਗਿਆ ਅਤੇ ਜਨਤਕ ਰਾਏ ਨੂੰ ਗਲਤ ਢੰਗ ਨਾਲ ਮੋੜਿਆ ਗਿਆ। ਪੀਲੀ ਪੱਤਰਕਾਰੀ ਦਾ ਸਭ ਤੋਂ ਵੱਡਾ ਪ੍ਰਭਾਵ ਜਨਤਕ ਰਾਏ @ਤੇ ਪਿਆ। ਜਦੋਂ ਲੋਕ ਸਿਆਸੀ ਮਸਲਿਆਂ ਬਾਰੇ ਸੰਸਨੀਖੇਜ਼ ਅਤੇ ਭ੍ਰਮਿਤ ਖ਼ਬਰਾਂ ਦੇ ਅਧਾਰ @ਤੇ ਆਪਣੇ ਨਿਰਣੇ ਲੈਂਦੇ ਹਨ, ਤਾਂ ਉਹਨਾਂ ਦੇ ਫੈਸਲੇ ਅਕਸਰ ਗਲਤ ਹੋ ਸਕਦੇ ਹਨ। ਇਸ ਤਰ੍ਹਾਂ ਕਰਨਾ ਕਈ ਸਿਆਸੀ ਪਾਰਟੀਆਂ ਦੇ ਹੱਕ ਵਿੱਚ ਜਾਂ ਖਿਲਾਫ਼ ਗਿਆ ਅਤੇ ਚੋਣ ਨਤੀਜਿਆਂ ਨੂੰ ਸਿੱਧੇ ਤੌਰ @ਤੇ ਪ੍ਰਭਾਵਿਤ ਕੀਤਾ ਹੈ। ਫੇਕ ਨਿਊਜ਼, ਜਿਹਨਾਂ ਨੂੰ ਪੀਲੀ ਪੱਤਰਕਾਰੀ ਕਹਿੰਦੇ ਹਨ, ਇੰਟਰਨੈੱਟ ਅਤੇ ਸਮਾਜਿਕ ਮੀਡੀਆ ਦੇ ਜ਼ਰੀਏ ਬਹੁਤ ਤੇਜ਼ੀ ਨਾਲ ਫੈਲੀ ਹੈ। ਇਸ ਦਾ ਮਕਸਦ ਜਨਤਕ ਰਾਏ ਨੂੰ ਮੋੜਨਾ, ਵਿਰੋਧੀ ਪਾਰਟੀਆਂ ਨੂੰ ਬਦਨਾਮ ਕਰਨਾ ਅਤੇ ਚੋਣਾਂ ਦੇ ਦੌਰਾਨ ਹਾਲਾਤਾਂ ਨੂੰ ਗੰਭੀਰ ਬਣਾਉਣਾ ਸੀ । ਇਸ ਦੀ ਵਰਤੋਂ ਨਾਲ ਜਨਤਕ ਭਰਮ ਪੈਦਾ ਕੀਤਾ ਗਿਆ । ਇਸ ਤਰ੍ਹਾਂ ਨਿਰੰਤਰ ਸੰਸਨੀਖੇਜ਼ ਅਤੇ ਅਧੂਰੀ ਜਾਣਕਾਰੀ ਦੇਣ ਨਾਲ ਲੋਕਾਂ ਵਿੱਚ ਗਲਤ ਫਹਿਮੀਆਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ , ਜਿਸ ਨਾਲ ਉਹ ਸਹੀ ਨਿਰਣੇ ਲੈਣ ਵਿੱਚ ਮੁਸ਼ਕਿਲ ਮਹਿਸੂਸ ਕਰਨ ਲਗੇ । ਪੀਲੀ ਪੱਤਰਕਾਰੀ ਸਮਾਜ ਵਿੱਚ ਤਣਾਅ ਪੈਦਾ ਕਰ ਸਕਦੀ ਹੈ। ਸੰਸਨੀਖੇਜ਼ ਅਤੇ ਵਿਵਾਦਪੂਰਨ ਖ਼ਬਰਾਂ ਦੇ ਜਰੀਏ ਲੋਕਾਂ ਵਿੱਚ ਨਫ਼ਰਤ ਅਤੇ ਵੈਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ , ਜੋ ਸਮਾਜਿਕ ਸਦਭਾਵਨਾਵਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਪੀਲੀ ਪੱਤਰਕਾਰੀ ਦੀ ਵਰਤੋਂ ਮੀਡੀਆ ਦੀ ਨੈਤਿਕਤਾ ਨੂੰ ਨੁਕਸਾਨ ਪਹੁੰਚਾਉਂਦੀ ਹੈ। ਸੱਚਾਈ ਅਤੇ ਨਿਰਪੱਖਤਾ ਦੇ ਉਲਟ, ਅਜਿਹੀ ਪੱਤਰਕਾਰੀ ਅਖ਼ਬਾਰਾਂ ਅਤੇ ਚੈਨਲਾਂ ਦੀ ਸਾਖ ਨੂੰ ਬਦਨਾਮ ਕਰ ਰਹੀ ਹੈ। ਪੀਲੀ ਪੱਤਰਕਾਰੀ ਸਿਆਸੀ ਪ੍ਰਕਿਰਿਆ ਵਿੱਚ ਦਖ਼ਲ ਦੇ ਰਹੀ ਸੀ । ਇਸ ਨਾਲ ਪਾਰਟੀਆਂ ਅਤੇ ਉਨ੍ਹਾਂ ਦੇ ਆਗੂਆਂ ਦੇ ਵਿਰੁੱਧ ਅਜਿਹੇ ਹਾਲਾਤ ਪੈਦਾ ਕੀਤੇ ਗਏ, ਜਿੰਨ੍ਹਾਂ ਨੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ । ਲੋਕ ਸਭਾ ਚੋਣਾਂ 2024 ਦੌਰਾਨ ਸਾਰੀਆਂ ਪਾਰਟੀਆਂ ਨੇ ਭਾਵ ਮੌਜੂਦਾ ਧਿਰਾਂ ਅਤੇ ਵਿਰੋਧੀ ਧਿਰਾਂ ਦੋਹਾਂ ਨੇ ਪੀਲੀ ਪੱਤਰਕਾਰੀ ਦੀ ਵਰਤੋਂ ਆਪਣੇ ਹੱਕ ਵਿੱਚ ਲਹਿਰ ਬਣਾਉਣ ਲਈ ਬਹੁਤ ਵੱਡੇ ਪੱਧਰ ਤੇ ਕੀਤੀ । ਸੋਸ਼ਲ ਮੀਡਿਆ @ਤੇ ਕਈ ਬਲਾਗਰ ਤੇ ਯੂ-ਟਿਊਬਰਾਂ ਨੇ ਵੀ ਸੱਚ-ਝੂਠ ਦਾ ਸਹਾਰਾ ਲੈਂਦੇ ਹੋਏ ਪੀਲੀ-ਪੱਤਰਕਾਰੀ ਵਿੱਚ ਆਪਣਾ ਯੋਗਦਾਨ ਪਾਇਆ ਅਤੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ ਕੀਤੀ। ਮਿਸਾਲ ਦੇ ਤੌਰ ਤੇ ਜਿੱਥੇ ਸੱਤਾ ਧਿਰ ਪਾਰਟੀ ਐਨਡੀਏ ( ਬੀ.ਜੇ.ਪੀ ) ਵੱਲੋਂ 400 ਪਾਰ ਦਾ ਨਾਰਾ ਦਿੰਦੇ ਹੋਏ ਇਹ ਪ੍ਰਭਾਵ ਪਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ ਕਿ ਸਾਡੇ ਵਿਰੋਧ ਵਿੱਚ ਕੋਈ ਵੀ ਪਾਰਟੀ ਖੜਨ ਦੀ ਸਥਿਤੀ ਵਿੱਚ ਨਹੀਂ ਹੈ ।ਇਸ ਲਈ ਅਸੀਂ ਆਰਾਮ ਨਾਲ 400 ਤੋਂ ਪਾਰ ਸੀਟਾਂ ਨਾਲ ਪੱਕੇ ਤੌਰ ਤੇ ਜਿੱਤ ਪ੍ਰਾਪਤ ਕਰਦੇ ਹੋਏ ਤੀਜੀ ਵਾਰ ਆਪਣੀ ਸਰਕਾਰ ਬਣਾਵਾਂਗੇ ਅਤੇ ਵਿਰੋਧੀ ਧਿਰ ਵੱਲੋਂ ਵੀ ਕਈ ਤਰ੍ਹਾਂ ਦੇ ਲੋਭ ਲਾਲਚ ਦਾ ਪ੍ਰਚਾਰ ਜਨਤਾ ਵਿੱਚ ਕੀਤਾ ਗਿਆ। ਜਿਵੇਂ ਕਿ ਵਿਰੋਧੀ ਧਿਰ ਵੱਲੋਂ 1 ਲੱਖ ਰੁਪਏ ਗਰੀਬ ਮਹਿਲਾਵਾਂ ਨੂੰ ਦੇਣ ਦਾ ਵਾਅਦਾ ਕੀਤਾ ਗਿਆ। ਆਮ ਜਨਤਾ ਵਿੱਚ ਬਹੁਤੇ ਲੋਕ ਇਸ ਪ੍ਰਚਾਰ ਵਿੱਚ ਭਰਮਿਤ ਹੋ ਗਏ ਮੌਜੂਦਾ ਸਰਕਾਰ 400 ਪਾਰ ਹਰ ਹਾਲਤ ਵਿੱਚ ਹੋ ਜਾਵੇਗੀ । ਉਸ ਹਾਲਾਤ ਵਿੱਚ ਅਗਰ ਅਸੀਂ ਵਿਰੋਧ ਕਰੀਏ ਵੀ ਤਾਂ ਮੌਜੂਦਾ ਧਿਰ ਨੂੰ ਇਸ ਦਾ ਕੋਈ ਫਰਕ ਨਹੀਂ ਪਏਗਾ, ਉੱਥੇ ਹੀ ਆਮ ਜਨਤਾ ਵਿੱਚ ਕਈ ਲੋਕਾਂ ਨੇ ਇਸ ਲਾਲਚ ਵਿੱਚ ਉਤਸਾਹ ਦਿਖਾਇਆ ਕਿ ਸਾਨੂੰ ਹਰ ਸਾਲ ਦਾ 1 ਲੱਖ ਰੁਪਏ ਜਾਂ 8500 ਰੁਪਏ ਮਹੀਨਾ ਮਿਲੇਗਾ। ਪਰ ਕਿਸੇ ਨੇ ਵੀ ਆਮ ਜਨਤਾ ਵਿੱਚ ਇਸ ਗੱਲ ਉੱਤੇ ਧਿਆਨ ਦੇਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਲੋਕ ਸਭਾ ਸੀਟਾਂ ਵਿੱਚੋਂ 400 ਸੀਟਾਂ ਲੈਣਾ ਬੇਹਦ ਮੁਸ਼ਕਿਲ ਟੀਚਾ ਹੈ। ਇਸੇ ਤਰ੍ਹਾਂ ਅਗਰ 8500 ਰੁਪਏ ਹਰ ਮਹੀਨੇ ਦੀ ਪੇਸ਼ਕਸ਼ ਦੀ ਗੱਲ ਕਰੀਏ ਤਾਂ ਉਸ ਕੇਸ ਵਿੱਚ ਵੀ ਆਮ ਜਨਤਾ ਵੱਲੋਂ ਇਸ ਬਾਰੇ ਬਿਲਕੁਲ ਵੀ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਕਿ ਅਗਰ ਦੇਸ਼ ਦੀਆਂ 68 ਕਰੋੜ ਦੇ ਲਗਭਗ ਮਹਿਲਾਵਾਂ ਵਿੱਚੋਂ ਅਗਰ ਸਿਰਫ 15 ਕਰੋੜ ਮਹਿਲਾਵਾਂ ਨੂੰ ਹੀ 8500 ਰੁਪਏ ਮਹੀਨਾ ਜਾਂ 1 ਲੱਖ ਰੁਪਏ ਵਿਰੋਧੀ ਧਿਰ ਦੇ ਵਾਅਦੇ ਮੁਤਾਬਕ ਦੇਣਾ ਪਿਆ ਤਾਂ ਉਸਦਾ ਸਲਾਨਾ ਬਜਟ 15 ਲੱਖ ਕਰੋੜ ਰੁਪਏ ਬਣਦਾ ਹੈ ਜਦਕਿ ਪੂਰੇ ਭਾਰਤ ਦਾ ਸਲਾਨਾ ਬਜਟ ਲਗਭਗ 45 ਲੱਖ ਕਰੋੜ ਦੇ ਬਰਾਬਰ ਹੁੰਦਾ ਹੈ।

**ਪੀਲੀ ਪੱਤਰਕਾਰੀ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ?**

ਮੀਡੀਆ ਸੰਸਥਾਵਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ ਅਤੇ ਸੱਚਾਈ ਅਤੇ ਨਿਰਪੱਖਤਾ ਦਾ ਪਾਲਣ ਕਰਨਾ ਚਾਹੀਦਾ ਹੈ। ਇਸ ਦੇ ਨਾਲ, ਪੱਤਰਕਾਰਾਂ ਨੂੰ ਸੰਵਿਧਾਨਕ ਅਤੇ ਨੈਤਿਕ ਮਿਆਰਾਂ ਦੇ ਅਨੁਸਾਰ ਕੰਮ ਕਰਨਾ ਚਾਹੀਦਾ ਹੈ। ਸੰਸਥਾਵਾਂ ਨੂੰ ਆਪਣੀਆਂ ਨਿਯਮਾਵਲੀ ਬਣਾਈ ਜਾ ਸਕਦੀ ਹੈ ਜੋ ਸੰਸਨੀਖੇਜ਼ ਖ਼ਬਰਾਂ ਦੇ ਪ੍ਰਕਾਸ਼ਨ ਨੂੰ ਰੋਕਣ ਵਿੱਚ ਸਹਾਇਕ ਹੋ ਸਕਦੀ ਹੈ।

ਪੀਲੀ ਪੱਤਰਕਾਰੀ ਨੂੰ ਰੋਕਣ ਲਈ ਸਖ਼ਤ ਨਿਯਮ ਅਤੇ ਵਿਧਾਨ ਲਾਗੂ ਕਰਨੇ ਜਰੂਰੀ ਹਨ। ਸਰਕਾਰ ਨੂੰ ਮੀਡੀਆ ਉੱਤੇ ਨਿਗਰਾਨੀ ਰੱਖਣੀ ਚਾਹੀਦੀ ਹੈ ਅਤੇ ਪੱਤਰਕਾਰੀ ਦੇ ਮਿਆਰਾਂ ਨੂੰ ਬਰਕਰਾਰ ਰੱਖਣ ਲਈ ਪੱਕੇ ਕਾਨੂੰਨ ਬਨਾਉਣੇ ਚਾਹੀਦੇ ਹਨ।

ਫੈਕਟ-ਚੈਕਿੰਗ ਮਕੈਨਜ਼ਮ ਦਾ ਵਿਆਪਕ ਰੂਪ ਵਿੱਚ ਨਿਰਮਾਣ ਅਤੇ ਉਪਯੋਗ ਕਰਨ ਨਾਲ ਪੀਲੀ ਪੱਤਰਕਾਰੀ ਨੂੰ ਰੋਕਿਆ ਜਾ ਸਕਦਾ ਹੈ। ਅਜਿਹੇ ਪਲੇਟਫਾਰਮ ਅਤੇ ਸੇਵਾਵਾਂ ਜੋ ਖ਼ਬਰਾਂ ਅਤੇ ਦਾਅਵਿਆਂ ਦੀ ਪੜਤਾਲ ਕਰਕੇ ਸੱਚਾਈ ਬਾਹਰ ਲਿਆਉਂਦੀਆਂ ਹਨ, ਉਹਨਾਂ ਨੂੰ ਪ੍ਰਮੋਟ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਜਨਤਕ ਵਿਚਾਰ ਨੂੰ ਸੱਚਾਈ ਨਾਲ ਜੋੜਿਆ ਰੱਖਣ ਵਿੱਚ ਮਦਦ ਮਿਲੇਗੀ।

ਸਰਕਾਰ ਨੂੰ ਪੀਲੀ ਪੱਤਰਕਾਰੀ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਚਾਹੀਦੇ ਹਨ। ਜਿਨ੍ਹਾਂ ਪੱਤਰਕਾਰੀ ਸੰਸਥਾਵਾਂ ਜਾਂ ਪੱਤਰਕਾਰਾਂ ਨੇ ਸਿਰਫ਼ ਸੰਸਨੀਖੇਜ਼ ਅਤੇ ਜ਼ਿੰਮੇਵਾਰ ਨਾ ਹੋਣ ਵਾਲੀਆਂ ਖ਼ਬਰਾਂ ਪ੍ਰਕਾਸ਼ਿਤ ਕੀਤੀਆਂ ਹਨ, ਉਹਨਾਂ @ਤੇ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਨਾਲ ਮੀਡੀਆ ਸੰਗਠਨਾਂ ਨੂੰ ਨੈਤਿਕ ਅਤੇ ਜ਼ਿੰਮੇਵਾਰ ਪੱਤਰਕਾਰੀ ਕਰਨ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।

ਮੀਡੀਆ ਸੰਸਥਾਵਾਂ ਦੀ ਲਾਇਸੰਸਿੰਗ ਅਤੇ ਨਿਗਰਾਨੀ ਲਈ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਪੱਤਰਕਾਰੀ ਦੇ ਮਿਆਰਾਂ ਨੂੰ ਪਾਲਣਾ ਨਾ ਕਰਨ ਵਾਲੀਆਂ ਸੰਸਥਾਵਾਂ ਉੱਤੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਪੱਤਰਕਾਰਾਂ ਦੀ ਸਿੱਖਿਆ ਅਤੇ ਸੁਰਖ਼ਿਆ ਲਈ ਪ੍ਰੋਗਰਾਮ ਬਣਾਏ ਜਾਣੇ ਚਾਹੀਦੇ ਹਨ। ਉਨ੍ਹਾਂ ਨੂੰ ਸਹੀ ਪੱਤਰਕਾਰੀ ਦੇ ਮਿਆਰਾਂ ਬਾਰੇ ਸਿਖਾਇਆ ਜਾਣਾ ਚਾਹੀਦਾ ਹੈ ਅਤੇ ਨਿਰਪੱਖ ਪੱਤਰਕਾਰੀ ਲਈ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ।

ਪੀਲੀ ਪੱਤਰਕਾਰੀ ਦੇ ਖ਼ਤਰੇ ਬਾਰੇ ਜਨਤਕ ਜਾਗਰੂਕਤਾ ਵਧਾਈ ਜਾਣੀ ਚਾਹੀਦੀ ਹੈ। ਲੋਕਾਂ ਨੂੰ ਸੰਸਨੀਖੇਜ਼ ਖ਼ਬਰਾਂ ਅਤੇ ਅਸਲ ਸੱਚਾਈ ਵਿੱਚ ਅੰਤਰ ਕਰਨ ਦੀ ਸਮਝ ਦਿਤੀ ਜਾਣੀ ਚਾਹੀਦੀ ਹੈ।

ਅਖੀਰ ਵਿੱਚ ਪੀਲੀ ਪੱਤਰਕਾਰੀ ਨੇ ਲੋਕਸਭਾ ਚੋਣਾਂ 2024 ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜੋ ਸਿਆਸੀ ਦਲਾਂ, ਉਮੀਦਵਾਰਾਂ ਅਤੇ ਜਨਤਕ ਰਾਏ ਨੂੰ ਪ੍ਰਭਾਵਿਤ ਕਰਨ ਦੇ ਯਤਨਾਂ ਵਿੱਚ ਕਾਮਯਾਬ ਰਹੀ ਹੈ। ਇਹ ਸੰਸਨੀਖੇਜ਼ ਅਤੇ ਅਧੂਰੀ ਖ਼ਬਰਾਂ ਦੇ ਜ਼ਰੀਏ ਜਨਤਕ ਰਾਏ ਨੂੰ ਮੋੜ ਸਕਦੀ ਹੈ ਅਤੇ ਚੋਣ ਨਤੀਜਿਆਂ ਨੂੰ ਬਦਲ ਸਕਦੀ ਹੈ। ਇਸ ਤਰੀਕੇ ਦੀ ਪੱਤਰਕਾਰੀ ਸਿਆਸੀ ਮਾਹੌਲ ਨੂੰ ਬਦਲ ਸਕਦੀ ਹੈ ਅਤੇ ਚੋਣ ਨਤੀਜਿਆਂ @ਤੇ ਵੀ ਪ੍ਰਭਾਵ ਪਾ ਸਕਦੀ ਹੈ। ਇਹ ਸੰਸਨੀਖੇਜ਼ ਸਿਰਲੇਖਾਂ, ਅਧੂਰੀ ਜਾਂ ਭ੍ਰਮਿਤ ਜਾਣਕਾਰੀ, ਨਿਜੀ ਹਮਲੇ, ਅਤੇ ਫੇਕ ਨਿਊਜ਼ ਜਾਂਚਾਂ ਦੁਆਰਾ ਜਨਤਕ ਰਾਏ ਨੂੰ ਮੋੜ ਸਕਦੀ ਹੈ। ਪੀਲੀ ਪੱਤਰਕਾਰੀ ਦਾ ਨੁਕਸਾਨ ਸਿਰਫ਼ ਸਿਆਸੀ ਪੱਧਰ @ਤੇ ਹੀ ਨਹੀਂ, ਬਲਕਿ ਸਮਾਜਕ ਅਤੇ ਸਾਂਸਕ੍ਰਿਤਿਕ ਪੱਧਰ @ਤੇ ਵੀ ਹੋ ਸਕਦਾ ਹੈ। ਕਿਉਂਕਿ ਮੀਡੀਆ ਦਾ ਮੁੱਖ ਕੰਮ ਸੱਚਾਈ ਅਤੇ ਨਿਰਪੱਖਤਾ ਨੂੰ ਪ੍ਰਸਾਰਿਤ ਕਰਨਾ ਹੈ, ਪੀਲੀ ਪੱਤਰਕਾਰੀ ਇਸ ਉਦੇਸ਼ ਨੂੰ ਦਾਗ ਲਾਉਂਦੀ ਹੈ। ਇਸ ਲਈ, ਮੀਡੀਆ ਸੰਗਠਨਾਂ, ਸਰਕਾਰ ਅਤੇ ਸਮਾਜ ਨੂੰ ਸਾਂਝੇ ਤੌਰ @ਤੇ ਉਪਰਾਲੇ ਕਰਨੇ ਚਾਹੀਦੇ ਹਨ ਤਾ ਕਿ ਪੀਲੀ ਪੱਤਰਕਾਰੀ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕੇ ਅਤੇ ਲੋਕਾਂ ਨੂੰ ਸੱਚੀ ਅਤੇ ਨਿਰਪੱਖ ਜਾਣਕਾਰੀ ਮਿਲ ਸਕੇ। ਸਿਰਫ਼ ਇਸ ਤਰੀਕੇ ਨਾਲ ਹੀ ਚੋਣਾਂ ਦੀ ਨਿਭਰਤਾ ਅਤੇ ਲੋਕਤੰਤਰ ਦੀ ਮਜ਼ਬੂਤੀ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ।




# ਭਗਵੰਤ ਮਾਨ ਤੋਂ ਬਿਨਾਂ ਕਿਸੇ ਮੁੱਖ ਮੰਤਰੀ ਨੂੰ ਰਾਸ ਨਹੀਂ ਆਇਆ ਕੈਂਪ ਦਫ਼ਤਰ ਬਣਾਉਣਾ

ਜਲੰਧਰ(ਪੰਜਾਬੀ ਅਖਬਾਰ ਬਿਊਰੋ)- ਭਗਵੰਤ ਮਾਨ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਹਨ ਜਿਨ੍ਹਾਂ ਨੇ ਜ਼ਿਮਨੀ ਚੋਣ ’ਚ ਜਲੰਧਰ ’ਚ ਆਪਣਾ ਕੈਂਪ ਦਫ਼ਤਰ ਬਣਾ ਕੇ ਸ਼ਾਨਦਾਰ ਜਿੱਤ ਹਾਸਿਲ ਕੀਤੀ ਹੈ। ਇਸ ਤੋਂ ਪਹਿਲਾਂ ਤਿੰਨ ਮੁੱਖ ਮੰਤਰੀਆਂ ਨੇ ਇਹ ਤਜਰਬਾ ਕੀਤਾ ਸੀ ਜੋ ਬੁਰੀ ਤਰ੍ਹਾਂ ਅਸਫ਼ਲ ਰਿਹਾ ਸੀ। ਸਭ ਤੋਂ ਪਹਿਲਾਂ 1995 ’ਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਨੇ ਗਿੱਦੜਬਾਹਾ ਜ਼ਿਮਨੀ ਚੋਣ ਦੌਰਾਨ ਗਿੱਦੜਬਾਹਾ ’ਚ ਆਪਣਾ ਪੱਕਾ ਡੇਰਾ ਲਾ ਲਿਆ ਸੀ, ਅਤੇ ਪੰਜਾਬ ਸਰਕਾਰ ਇੱਕ ਮਹੀਨੇ ਤਕ ਗਿੱਦੜਬਾਹਾ ਤੋਂ ਹੀ ਚੱਲੀ ਸੀ। ਇਸ ਦੇ ਬਾਵਜੂਦ ਉੱਥੋਂ ਕਾਂਗਰਸੀ ਉਮੀਦਵਾਰ ਦੀਪਕ ਕੁਮਾਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਤੋਂ ਚੋਣ ਹਾਰ ਗਿਆ ਸੀ।

ਉਸ ਮਗਰੋਂ 1998 ’ਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਕੈਬਨਿਟ ਮੰਤਰੀਆਂ ਸਣੇ ਆਦਮਪੁਰ ਵਿਧਾਨ ਸਭਾ ਜ਼ਿਮਨੀ ਚੋਣ ਲਈ ਉੱਥੇ ਪੱਕਾ ਡੇਰਾ ਲਾਇਆ ਸੀ ਪਰ ਇੱਥੋਂ ਅਕਾਲੀ ਉਮੀਦਵਾਰ ਸਰਬਜੀਤ ਸਿੰਘ ਮੱਕੜ ਚੋਣ ਹਾਰ ਗਏ ਸਨ ਅਤੇ ਕਾਂਗਰਸੀ ਉਮੀਦਵਾਰ ਕੰਵਲਜੀਤ ਸਿੰਘ ਲਾਲੀ ਨੂੰ ਜਿੱਤ ਮਿਲੀ ਸੀ। ਇਸੇ ਤਰ੍ਹਾਂ ਮੋਗਾ ਜ਼ਿਮਨੀ ਚੋਣ ’ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੋਗਾ ਵਿਧਾਨ ਸਭਾ ਹਲਕੇ ਦੇ ਪਿੰਡ ਚੂਹੜ ਚੱਕ ’ਚ ਪੱਕਾ ਡੇਰਾ ਲਗਾ ਲਿਆ ਸੀ, ਪਰ ਉਨ੍ਹਾਂ ਦਾ ਉਮੀਦਵਾਰ ਇੱਥੋਂ 18 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਚੋਣ ਹਾਰ ਗਿਆ ਸੀ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਫ਼ਰੀਦਕੋਟ ਲੋਕ ਸਭਾ ਸੀਟ ਜਿਤਾਉਣ ਲਈ ਇੱਥੇ ਦੋ ਮਹੀਨੇ ਤਕ ਪੱਕਾ ਡੇਰਾ ਲਗਾ ਰੱਖਿਆ ਸੀ ਅਤੇ ਇੱਥੋਂ ਹੀ ਪੰਜਾਬ ਸਰਕਾਰ ਚਲਾਈ, ਪਰ ਇਸ ਦੇ ਬਾਵਜੂਦ ਸੁਖਬੀਰ ਸਿੰਘ ਬਾਦਲ, ਕਾਂਗਰਸੀ ਉਮੀਦਵਾਰ ਜਗਮੀਤ ਸਿੰਘ ਬਰਾੜ ਤੋਂ ਚੋਣ ਹਾਰ ਗਏ ਸਨ।

ਜਲੰਧਰ ਜ਼ਿਮਨੀ ਚੋਣ ਤੋਂ ਪਹਿਲਾਂ ਭਗਵੰਤ ਮਾਨ ਨੇ ਆਪਣਾ ਮੁੱਖ ਮੰਤਰੀ ਦਫ਼ਤਰ ਦੋ ਦਿਨਾਂ ਲਈ ਜਲੰਧਰ ਤਬਦੀਲ ਕਰ ਦਿੱਤਾ ਸੀ ਜਿਸ ਦਾ ਨਤੀਜਾ ਸਾਰਿਆਂ ਦੇ ਸਾਹਮਣੇ ਹੈ। ਫ਼ਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਸਖ਼ਤ ਮਿਹਨਤ ਅਤੇ ਪੰਜਾਬ ਸਰਕਾਰ ਦੇ ਕੰਮਾਂ ਕਾਰਨ ਜ਼ਿਮਨੀ ਚੋਣ ’ਚ ਉਨ੍ਹਾਂ ਦੀ ਪਾਰਟੀ ਦੇ ਉਮੀਦਵਾਰ ਨੂੰ ਸ਼ਾਨਦਾਰ ਜਿੱਤ ਹਾਸਲ ਹੋਈ ਹੈ ਅਤੇ ਅੱਜ ਤੋਂ ਹੀ ਪਾਰਟੀ ਆਉਣ ਵਾਲੀਆਂ ਅਗਲੀਆਂ ਜ਼ਿਮਨੀ ਚੋਣਾਂ ਲਈ ਤਿਆਰੀ ’ਚ ਜੁੱਟ ਗਈ ਹੈ।







